ਪ੍ਰਕਾਰ ਉਪਸ਼ਮ ਸ਼੍ਰੇਣੀ ਵਿਚ, ਸ਼ੁਕਲ ਧਿਆਨ ਨਾਲ ਮੋਹਨੀਆਂ ਕਰਮ ਇਕ ਮਹੂਰਤ ਤੋਂ ਘਟ ਸਮੇਂ ਲਈ ਖਤਮ ਹੋ ਜਾਂਦਾ ਹੈ। ਜਿਸ ਕਾਰਨ ਜੀਵ ਵਿਚ ਵੀਤਰਾਗਤਾ ਨਿਰਮਲਤਾ ਤੇ ਪਵਿੱਤਰਤਾ ਆ ਜਾਂਦੀ ਹੈ। ਪਰ ਇਥੋਂ ਇਹ ਭੁਲਨਾ ਨਹੀਂ ਚਾਹੀਦਾ ਕਿ ਗਿਆਨਾ ਵਰਨੀਆ (ਅਗਿਆਨ) ਕਰਮ ਮੌਜੂਦ ਰਹਿੰਦਾ ਹੈ। ਜੀਵ ਇਸ ਅਵਸਥਾ ਵਿਚ ਅਗਿਆਨੀ ਬਣ ਸਕਦਾ ਹੈ। ਕਿਉਂਕਿ ਇਹ ਪਵਿੱਤਰ ਹਾਲਤ ਇਕ ਮਹੂਰਤ ਤੋਂ ਘੱਟ ਸਮੇਂ ਤਕ ਹੀ ਰਹਿੰਦੀ ਹੈ। ਇਹ ਸਮਾਂ ਖਤਮ ਹੋਣ ਤੇ ਵੀ ਜੀਵ ਹੇਠਾ ਡਿਗ ਸਕਦਾ ਹੈ :

(12) **ਸ਼ੀਨ ਕਸ਼ਾਏ ਵੀਤਰਾਗ ਛਦਮਸਤ ਅਵਸਥਾ** :—ਸ਼ਪਕ ਸ਼੍ਰੇਣੀ ਵਾਲਾ ਜੀਵ ਦਸਵੇਂ ਗੁਣ ਸਥਾਨ ਦੇ ਅਖੀਰ ਤੇ ਸੂਖਮ ਲੋਭ ਦਾ ਖਾਤਮਾ ਕਰਕੇ ਇਕ ਦਮ ਬਾਰਹਵੇਂ ਗੁਣ ਸਥਾਨ ਵਿਚ ਪਹੁੰਚਦਾ ਹੈ ਤਾਂ ਇਸ ਗੁਣ ਸਥਾਨ ਵਿਚ ਸ਼ੁਕਲ ਧਿਆਨ ਦਾ ਦੂਸਰਾ ਭੇਦ ਪ੍ਰਗਟ ਹੁੰਦਾ ਹੈ। ਇਸ ਰਾਹੀਂ ਜੀਵ ਗਿਆਨਾਵਰਨੀਆ, ਦਰਸ਼ਨਾਵਰਨੀਆ ਅਤੇ ਅੰਤਰਾਏ ਕਰਮਾਂ ਦਾ ਖਾਤਮਾ ਕਰਦਾ ਹੈ। ਮੋਹ ਕਰਮ ਖਾਤਮਾ ਉਹ ਪਹਿਲਾ ਹੀ ਕਰ ਚੁਕਦਾ ਹੈ। ਇਸ ਪ੍ਰਕਾਰ ਜੀਵ ਆਤਮਾ ਚਾਰ ਘਾਤਕ ਕਰਮਾ ਦਾ ਖਾਤਮਾ ਕਰਕੇ ਤੇਹਰਵੇਂ ਕੇਵਲੀ ਗੁਣ ਸਥਾਨ ਵਿਚ ਪਹੁੰਚਦਾ ਹੈ।

(13) **ਸਯੋਗੀ ਕੇਵਲੀ ਗੁਣ ਸਥਾਨ** :—ਬਾਹਰਵੇਂ ਗੁਣ ਸਥਾਨ ਤਕ ਗਿਆਨਾ-ਵਰਨੀਆਂ ਤੇ ਦਰਸ਼ਨਾਵਰਨੀਆਂ ਕਰਮਾਂ ਕਾਰਨ ਜੀਵ ਅਣਜਾਨ ਰਹਿੰਦਾ ਹੈ। ਪਰ ਬਾਹਰਵੇਂ ਗੁਣ ਸਥਾਨ ਖਤਮ ਹੁੰਦੇ ਹੀ ਜੀਵ ਸਭ ਦੁਨੀਆ ਦੀ ਹਰ ਚਲ ਤੇ ਅਚੱਲ ਚੀਜ਼ਾਂ ਆਪਣੇ ਸਾਹਮਣੇ ਸਪੱਸ਼ਟ ਵੇਖਣ, ਜਾਨਣ ਲੱਗ ਜਾਂਦਾ ਹੈ ਉਹ ਸਰਵੱਗ ਤੇ ਤਿੰਨ ਲੋਕਾਂ ਦਾ ਜਾਨ-ਕਾਰ ਬ੍ਰਹਮ-ਗਿਆਨੀ, ਅਰਿਹੰਤ ਬਣ ਜਾਂਦਾ ਹੈ। ਕੇਵਲ ਗਿਆਨ ਪ੍ਰਾਪਤ ਹੋਣ ਕਾਰਨ ਉਹ ਕੇਵਲੀ ਬਣ ਜਾਂਦਾ ਹੈ। ਉਹ ਅਨੰਤ, ਗਿਆਨ, ਅਨੰਤ ਦਰਸ਼ਨ, ਅਨੰਤ ਸੁਖ, ਸਮਿਅਕਵ ਨੂੰ ਪ੍ਰਾਪਤ ਕਰਦਾ ਹੈ ਅੰਤਰਾਏਕਰਮ ਦੇ ਖਾਤਮੇ ਕਾਰਨ ਉਹ ਅਨੰਤ ਦਾਨ. ਅਨੰਤ ਲਾਭ, ਅਨੰਤ ਭੋਗ, ਅਨੰਤ ਉਪਭੋਗ ਤੇ ਅਨੰਤ ਵੀਰਜ ਦਾ ਧਨੀ ਹੁੰਦਾ ਹੈ। ਤੀਰਥੰਕਰ ਅਰਿਹੰਤ ਲਈ ਦੇਵਤੇ ਸਮੋਸਰਨ ਲਗਾਉਂਦੇ ਹਨ। 64 ਇੰਦਰ ਉਸ ਦੀ ਸੇਵਾ ਕਰਦੇ ਹਨ ਅਤੇ ਉਹ ਵਿਸ਼ਵ ਦਾ ਕਲਿਆਨ ਕਰਨ ਵਾਲਾ ਅਰਿਹੰਤ ਭਗਵਾਨ ਬਣਦਾ ਹੈ। ਜਦੋਂ ਤੇਹਰਵੇਂ ਗੁਣ ਸਥਾਨ ਦਾ ਇਕ ਮਹੂਰਤ ਬਾਕੀ ਰਹਿ ਜਾਂਦਾ ਹੈ ਤਦ ਸ਼ੁਕਲ ਧਿਆਨ ਦਾ ਤੀਸਰਾ ਭੇਦ ਪ੍ਰਗਟ ਹੁੰਦਾ ਹੈ। ਅਤੇ ਜੀਵ 14ਵੇਂ ਗੁਣ ਸਥਾਨ ਵਿਚ ਪਹੁੰਚ ਜਾਂਦਾ ਹੈ।

(14) **ਅਯੋਗੀ ਕੇਵਲ ਗੁਣ ਸਥਾਨ** :—ਇਸ ਗੁਣ ਸਥਾਨ ਵਿਚ ਪ੍ਰਵੇਸ਼ ਕਰਦੇ ਹੀ ਜੀਵ ਸ਼ੁਕਲ ਧਿਆਨ ਦੇ ਚੌਥੇ ਭੇਦ ਵਿਚ ਪਹੁੰਚ ਜਾਂਦਾ ਹੈ। ਯੋਗਾਂ ਦਾ ਖਾਤਮਾ ਹੋ ਜਾਂਦਾ ਹੈ। ਇਸੇ ਲਈ ਇਸ ਨੂੰ ਅਯੋਗੀ ਕੇਵਲੀ ਆਖਦੇ ਹਨ। ਅੰਤ ਮਹੂਰਤ ਵਿਚ ਹੀ ਕੇਵਲੀ ਆਤਮਾ ਸਭ ਕਰਮ ਪ੍ਰਕ੍ਰਿਤੀਆਂ ਦਾ ਨਾਸ਼ ਕਰਕੇ, ਸਿੱਧ, ਬੁੱਧ, ਮੁਕਤ ਪ੍ਰਮਾਤਮਾ ਜਾ ਈਸ਼ਵਰ ਬਣ ਜਾਂਦੀ ਹੈ। ਇਹੋ ਆਤਮਾ ਦੀ ਸੁਧ ਅਤੇ ਅਸਲ ਅਵਸਥਾ, ਨਿਸ਼ਾਨਾ ਨਿਰਵਾਨ ਹੈ।

## ਪੰਜ ਇੰਦਰੀਆਂ ਦੇ ਵਿਸ਼ੇ ਅਤੇ ਆਤਮਾ

ਇੰਦਰੀਆ ਅਤੇ ਮਨ ਆਤਮਾ ਨਹੀਂ। ਸੋ ਜ਼ਰੂਰੀ ਹੈ ਕਿ ਪੰਜ ਇੰਦਰੀਆਂ ਦੇ ਵਿਸ਼ਿਆਂ ਨੂੰ ਜਾਣਿਆ ਜਾਵੇ ਜਿਵੇਂ ਪਹਿਲਾ ਦਸਿਆ ਗਿਆ ਹੈ ਕਿ ਹਰ ਪ੍ਰਾਣੀ ਪੰਜ ਇੰਦਰੀਆ ਵਿਚ ਵੰਡੇ ਹਨ। ਇਕ ਇੰਦਰੀਆਂ ਵਾਲੇ ਜੀਵ ਇਕੱਲੀ ਸਪਰਸ਼ ਇੰਦਰੀ ਰਖਦੇ ਹਨ। ਸਾਰੇ ਸਥਾਵਰ ਜੀਵ ਇਸ ਵਿਚ ਸ਼ਾਮਲ ਹਨ। ਸ਼ਪਰਸ ਅਤੇ ਰਸ ਵਾਲੇ (ਜੀਭ) ਵਾਲੇ ਦੋ ਇੰਦਰੀਆਂ ਵਾਲੇ ਲਟ, ਘੁਣ, ਲਗਿਆ ਸੰਖ, ਜੋੜੀ, ਜੋਂਕ ਹਨ। ਤਿੰਨ ਇੰਦਰੀਆ ਵਾਲੇ ਜੀਵਾਂ ਕੋਲ ਸਪਰਸ਼, ਰਸ ਅਤੇ ਘਰਾਣ (ਨੱਕ) ਤਿੰਨ ਇੰਦਰੀਆਂ ਵਾਲੇ ਕੀੜੇ, ਚੀਚੜ, ਮੱਕੜ, ਕੰਨਖਜੂਰੇ ਹਨ। ਚਾਰ ਇੰਦਰੀਆ ਵਾਲੇ ਜੀਵ ਅੱਖ (ਚਕਸ਼ੂ) ਵੀ ਰਖਦੇ ਹਨ। ਇਹ ਮੱਖੀ, ਮੱਛਰ, ਭੌਰੇ, ਬਿੱਛੂ ਸ਼ਾਮਲ ਹਨ ਪੰਜ ਇੰਦਰੀਆਂ ਵਾਲੇ ਜੀਵਾਂ ਕੋਲ ਕੰਨ ਸਮੇਤ ਪੰਜ ਇੰਦਰੀਆਂ ਹਨ। ਪੰਜ ਇੰਦਰੀਆ ਦੇ ਵਿਸ਼ੇ ਇਸ ਪ੍ਰਕਾਰ ਹਨ। ਇੰਦਰੀਆ ਯੋਗ ਜਾਂਨਣ ਸ਼ਬਦ, ਵਰਨ, ਗੰਧ, ਰਸ ਸਪਰਸ ਹੀ ਵਿਸ਼ੇ ਹਨ।

### ਸ਼ਰੋਤ ਇੰਦਰੀਆਂ ਦੇ ਤਿੰਨ ਵਿਸ਼ੇ (ਸ਼ਬਦ)

(1) ਜੀਵ ਸ਼ਬਦ—ਜੀਵ ਦੀ ਅਵਾਜ

(2) ਅਜੀਵ ਸ਼ਬਦ—ਕਿਵਾੜ, ਘੜੀ ਦੀ ਅਵਾਜ

(3) ਮਿਸ਼ਰ ਅਵਾਜ—ਜੀਵ-ਅਜੀਵ ਦੀ ਮਿਲੀ ਜੁਲੀ ਅਵਾਜ ਜਿਵੇਂ ਮੂੰਹ ਨਾਲ ਸਾਜ ਵਜਾਉਣਾ।

### ਅੱਖ (ਚਖਸ਼ੂ) ਇੰਦਰੀਆ ਦੇ ਪੰਜ ਵਿਸ਼ੇ (ਰੰਗ)

(1) ਕਾਲਾ (2) ਨੀਲਾ (3) ਲਾਲ 4) ਪੀਲਾ (5) ਸਫੇਦ

### ਘਰਾਣ ਇੰਦਰੀਆ ਦੇ ਦੋ ਵਿਸ਼ੇ

(1) ਸੁਗੰਧ (2) ਦੁਰਗੰਧ

### ਰਸਨਾ ਇੰਦਰੀਆ ਦੇ 5 ਵਿਸ਼ੇ (ਰਸ)

(1) ਤਿੱਖਾ (2) ਕੋੜਾ 3) ਕਸੈਲਾ (4) ਤੇਜ਼ਾਬੀ (5) ਮਿੱਠਾ

### ਸਪਰਸ਼ਨ ਇੰਦਰੀਆਂ ਦੇ 8 ਵਿਸ਼ੇ (ਛੋਹ)

(1) ਕਰਕਸ਼ (ਖੁਰਦਰਾ) (2) ਮਰਿਦੂ (ਠੀਕ) (3) ਗੁਰੂ (ਭਾਰੀ) (4) ਲਘੂ (ਛੋਟੀ) (5) ਠੰਡਾ (6) ਗਰਮ (7) ਰੁੱਖਾ।

### ਅੱਠ ਪ੍ਰਕਾਰ ਦੀ ਆਤਮਾ

ਭਾਵੇਂ ਆਤਮਾ ਦਾ ਕੋਈ ਵਿਭਾਜਨ ਨਹੀਂ ਕੀਤਾ ਜਾ ਸਕਦਾ ਪਰ ਗਿਆਨ ਆਦਿ ਸਵ ਪਰਿਆਏ (ਅਵਸਥਾ) ਅਤੇ ਕਰੋਧ ਆਦਿ ਪਰ-ਪਰਿਆਏ ਨੂੰ ਆਤਮਾ ਪ੍ਰਾਪਤ ਕਰਦੀ ਰਹਿੰਦੀ ਹੈ। ਇਸ ਪਖੋਂ ਇਹ ਬਾਹਰੀ ਅੱਠ ਭੇਦ ਹਨ।

(1) ਦਰੱਵ ਆਤਮਾ—ਅਸੰਖ ਚੇਤਨਾ ਪ੍ਰਦੇਸ਼ ਰੂਪ ਦਰਵ, ਦਰਵ ਆਤਮਾ ਹੈ, ਦਰਵ

ਆਤਮਾ ਹਰ ਪ੍ਰਕਾਰ ਦੇ ਜੀਵ ਵਿਚ ਹੈ ।

(2) 10ਵੇਂ ਗੁਣ ਸਥਾਨ ਤੱਕ ਕਰੋਧ ਆਦਿ ਸਥਿਤੀ ਨੂੰ ਕਸ਼ਾਏ ਆਤਮਾ ਆਖਦੇ ਹਨ ।

(3) ਯੋਗ ਆਤਮਾ :—ਮਨ-ਵਚਨ ਕਾਇਆ ਦੀ ਪ੍ਰਵਰਿਤੀ (ਹਰਕਤ) ਵਿਚ ਬਦਲੀ ਆਤਮਾ ਹੀ ਯੋਗ ਆਤਮਾ ਹੈ । ਇਹ ਤੇਹਰਵੇ ਗੁਣ ਸਥਾਨ ਤਕ ਰਹਿੰਦੀ ਹੈ ।

(4) ਉਪਯੋਗ ਆਤਮਾ :—ਗਿਆਨ, ਦਰਸ਼ਨ, ਰੂਪ ਚੇਤਨਾਂ ਦੇ ਵਿਉਪਾਰ ਨੂੰ ਉਪਯੋਗ ਆਖਦੇ ਹਨ । ਇਹ ਆਤਮਾ ਹਰ ਤਰ੍ਹਾਂ ਦੇ ਜੀਵ ਵਿਚ ਹੁੰਦੀ ਹੈ ।

(5) ਗਿਆਨ ਆਤਮਾ :—ਵਿਸ਼ੇਸ਼ ਅਨੁਭਵ ਰੂਪ ਸਮਿਅੱਕ ਗਿਆਨ ਵਿਚ ਜੀਵ ਦਾ ਆਉਣ ਗਿਆਨ ਆਤਮਾ ਹੈ । ਜੋ ਸਮਿਅੱਕਤਵੀ ਜੀਵਾ ਦੀ ਹੁੰਦੀ ਹੈ ।

(6) ਦਰਸ਼ਨ ਆਤਮਾ :—ਦਰਸ਼ਨ ਤੋਂ ਭਾਵ ਸ਼ਰਧਾ ਹੈ ਜੀਵ ਆਦਿ 9 ਤੱਤਵਾਂ ਤੇ ਆਤਮਾ ਦੀ ਸ਼ਰਧਾ ਹੀ ਦਰਸ਼ਨ ਆਤਮਾ ਹੈ ।

(7) ਚਾਰਿੱਤਰ ਆਤਮਾ :—ਸ਼੍ਰਾਵਕ ਜਾ ਸਾਧੂ ਧਰਮ ਦੇ ਰੂਪ ਵਿਚ ਆਤਮਾ ਦਾ ਸਥਿਰ ਹੋਣ ਚਾਰਿੱਤਰ ਆਤਮਾ ਹੈ ।

(8) ਵੀਰਜ ਆਤਮਾ :—ਆਤਮਾ ਦੀ ਸ਼ਕਤੀ ਵੀਰਜ ਆਤਮਾ ਹੈ ।

ਨਾਰਕੀ, ਦੇਵ, ਵਿਕਲ ਇੰਦਰੀਆਂ ਪਸ਼ੂ ਅਤੇ ਪੰਜ ਇੰਦਰੀਆ ਜੀਵਾਂ ਦੀਆਂ 7 ਆਤਮਾਵਾਂ ਹੁੰਦੀਆਂ ਹਨ, ਮਨੁੱਖ ਕੋਲ ਚਾਰਿੱਤਰ ਆਤਮਾ ਵੱਧ ਹੁੰਦੀ ਹੈ । ਇਕ ਇੰਦਰੀਆ ਜੀਵਾਂ ਕੋਲ ਗਿਆਨ ਚਾਰਿੱਤਰ ਤੋਂ ਛੁੱਟ 6 ਹੁੰਦੀਆਂ ਹਨ । ਸਿੱਧ ਭਗਵਾਨ ਵਿਚ ਦਰਵ, ਉਪਯੋਗ, ਗਿਆਨ ਅਤੇ ਦਰਸ਼ਨ ਚਾਰ ਆਤਮਾਵਾਂ ਹੁੰਦੀਆਂ ਹਨ ।

# ਕਰਮਵਾਦ

ਜੈਨ ਧਰਮ ਦੇ ਪ੍ਰਮੁਖ ਸਿਧਾਂਤਾ ਵਿਚੋਂ ਕਰਮਵਾਦ, ਭਗਵਾਨ ਮਹਾਵੀਰ ਦੀ ਅੱਦੁਤੀ ਦੇਣ ਹੈ।

ਅਸੀਂ ਕੀ ਹਾਂ ? ਕਿਥੋਂ ਆਏ ਹਾਂ, ਕਿ ਕਰਨਾ ਹੈ ? ਅਤੇ ਕੀ ਨਹੀਂ, ਕਰਨਾਂ ਇਨ੍ਹਾਂ ਸਾਰੇ ਪ੍ਰਸ਼ਨਾਂ ਦਾ ਉੱਤਰ ਅਸੀਂ ਜੈਨ ਸ਼ਾਸਤਰਾਂ ਦੇ ਕਰਮਵਾਦ ਦੀਆਂ ਭਿੰਨ ਭਿੰਨ ਧਾਰਾਂਵਾਂ ਰਾਂਹੀਂ ਦੇ ਸਕਦੇ ਹਾਂ।

ਸੰਸਾਰ ਵਿਚ ਅਸੀਂ ਭਿੰਨ ਭਿੰਨ ਪ੍ਰਕਾਰ ਦੇ ਪ੍ਰਾਣੀ ਵੇਖਦੇ ਹਾਂ। ਕੋਈ ਦੁਖੀ ਹੈ, ਕੋਈ ਸੁੱਖੀ, ਕੋਈ ਰਾਜਾ ਹੈ,. ਕੋਈ ਫਕੀਰ, ਕੋਈ ਪਸ਼ੂ ਹੈ, ਤਾਂ ਕੋਈ ਮਨੁੱਖ ਕੋਈ ਸਵਰਗ ਦਾ ਦੇਵਤਾ ਹੈ ਅਤੇ ਕੋਈ ਨਰਕ ਦਾ ਭਾਗੀ ਹੈ।

ਇਕ ਹੀ ਮਾਂ ਪਿਉ ਦੇ ਬਾਵਜੂਦ ਔਲਾਦ ਵਿਚ ਭਿੰਨਤਾ ਕਿਉਂ ਵਿਖਾਈ ਦਿੰਦੀ ਹੈ ? ਇਕ ਹੀ ਮਾਂ ਪਿਉ ਦੀ ਔਲਾਦ ਇਕੋ ਜਿਹੀਆਂ ਸੂਰਤਾਂ ਵਿਖਾਈ ਕਿਉਂ ਨਹੀਂ ਦਿੰਦੀਆ ? ਇਕੋ ਹੀ ਮਾਂ ਪਿਉ ਦਾ ਕੋਈ ਬਾਲਕ ਦੁੱਖੀ, ਬੀਮਾਰ ਤੇ ਗਰੀਬ ਹੈ। ਉਸੇ ਮਾਂ ਪਿਉ ਦਾ ਪੁੱਤਰ ਸੁੱਖੀ, ਤੰਦਰੁਸਤ ਹੁੰਦਾ ਹੈ ? ਸੰਸਾਰ ਦੇ ਬਾਹਰੀ ਰਿਸ਼ਤੇਦਾਰੀ ਦਾ ਕਾਰਣ ਕੀ ਹੈ ? ਜੈਨ ਧਰਮ ਵਿਚ ਈਸ਼ਵਰ ਨੂੰ ਕਰਤਾ ਨਹੀਂ ਮੰਨਿਆ ਗਿਆ ਤਾਂ ਇਨਾਂ ਸਭ ਪ੍ਰਸ਼ਨਾਂ ਦਾ ਉਤਰ ਕੀ ਹੈ ?

ਸੰਸਾਰੀ ਜੀਵ ਭਿੰਨ ਭਿੰਨ ਪ੍ਰਕਾਰ ਦੀਆਂ ਜੂਨੀਆਂ ਵਿਚ ਜੀਵਨ ਲੈ ਕੇ ਸੰਸਾਰ ਵਿਚ ਦੁੱਖ ਸੁੱਖ ਭੋਗ ਦੇ ਹੋਏ ਮਰਦੇ, ਜੰਮਦੇ ਰਹਿੰਦੇ ਹਨ। ਇਨ੍ਹਾਂ ਸਭਨਾਂ ਦਾ ਕੋਈ ਨਾ ਕੋਈ ਜ਼ਰੂਰ ਕਾਰਣ ਹੋਵੇਗਾ। ਜੇ ਆਤਮਾ ਗਿਆਨਵਾਨ, ਹੈ ਤਾਂ ਇਸ ਦੀ ਅਗਿਆਨਤਾ ਦਾ ਕੋਈ ਨਾ ਕੋਈ ਤਾਂ ਕਾਰਣ ਹੋਵੇਗਾ ? ਜੇ ਆਤਮਾ ਸ਼ਕਲ ਰਹਿਤ ਹੈ, ਤਾਂ ਇਸ ਸਰੀਰ ਵਿਚ ਕਿਉਂ ਜਕੜੀ ਹੋਈ ਹੈ ?

ਇਨ੍ਹਾਂ ਸਾਰੇ ਪ੍ਰਸ਼ਨਾਂ ਦਾ ਉਤਰ ਇਕੋ ਹੈ ਕਿ ਸੰਸਾਰ ਵਿਚ ਅਜਿਹੀ ਸ਼ਕਤੀ ਵਿਦ-ਮਾਨ ਹੈ ਜੋ ਸ਼ੁਧ ਗਿਆਨ ਸਵਰੂਪ ਅਤੇ ਸੁਤੰਤਰ ਆਤਮਾ ਨੂੰ ਬੇਵਸ ਬਣਾ ਕੇ ਇਹ ਨਾਚ ਕਰਵਾ ਰਹੀ ਹੈ। ਇਹ ਜੀਵ ਜਿਸ ਆਤਮਾ ਸ਼ਕਤੀ ਕਾਰਣ ਭਿੰਨ ਭਿੰਨ ਰੂਪ ਵਿਚ ਨਜ਼ਰ ਆ ਰਹੀ ਹੈ ਜੈਨ ਦਰਸ਼ਨ ਵਿਚ ਉਸ ਸ਼ਕਤੀ ਨੂੰ ਕਰਮ ਆਖਿਆ ਗਿਆ ਹੈ। ਵੇਦਾਂਤ ਇਸ ਮਾਇਆ ਜਾਂ ਅਵਿਦਿੱਆ ਆਖਦਾ ਹੈ। ਇਸ ਸ਼ਕਤੀ ਨੂੰ ਸਾਂਖਯ ਦਰਸ਼ਨ ਪ੍ਰਾਕ੍ਰਿਤੀ ਅਤੇ ਵੈਸ਼ਾਸ਼ਿਕ ਵਿਚ ਅਦਰਿਸ਼ਟ ਜਾਂ ਸੰਸਕਾਰ ਆਖਿਆ ਗਿਆ ਹੈ।

# ਕਰਮਵਾਦ ਅਤੇ ਹੋਰ ਦਰਸ਼ਨ

## ਆਦ੍ਰਿਸ਼ਟ

ਨਿਆਏ ਦਰਸ਼ਨ ਵਿਚ ਉਸ ਨੂੰ ਆਦ੍ਰਿਸ਼ਟ ਕਿਹਾ ਗਿਆ ਹੈ। ਚੰਗੇ ਮਾੜੇ ਕਰਮਾਂ ਦਾ ਸੰਸਕਾਰ ਆਤਮਾ ਤੇ ਪੈਂਦਾ ਹੈ, ਆਦ੍ਰਿਸ਼ਟ ਆਤਮਾ ਨਾਲ ਜਦ ਤਕ ਰਹਿੰਦਾ ਹੈ ਜਦ ਤਕ ਉਸ ਦਾ ਫਲ ਨਹੀਂ ਮਿਲ ਜਾਂਦਾ। ਆਦਰਿਸ਼ਟ ਦਾ ਫਲ ਈਸ਼ਵਰ ਰਾਹੀਂ ਮਿਲਦਾ ਹੈ। ਇਸ ਦਾ ਕਾਰਣ ਇਹ ਦਸਿਆ ਗਿਆ ਹੈ ਕਿ ਜੇ ਰੱਬ ਕਰਮ ਫਲ ਦੇਣ ਦਾ ਇੰਤਜ਼ਾਮ ਨਾ ਕਰੇ ਤਾਂ ਕਰਮ ਨਿਸ਼ਫਲ ਹੋ ਜਾਵੇਗਾ।

## ਪ੍ਰਾਕਿਰਤੀਵਾਦ

ਸਾਂਖਯ ਦਰਸ਼ਨ ਕਰਮ ਨੂੰ ਪ੍ਰਾਕ੍ਰਿਤੀ ਦਾ ਵਿਕਾਰ ਮੰਨਦਾ ਹੈ। ਚੰਗੀਆਂ. ਮਾੜੀਆਂ, ਆਦਤਾਂ ਦਾ ਅਸਰ ਪ੍ਰਾਕ੍ਰਿਤੀ ਤੇ ਪੈਂਦਾ ਹੈ, ਉਸੇ ਅਚੇਤਨ ਪ੍ਰਾਕ੍ਰਿਤੀ ਸੰਸਕਾਰ ਕਰਮਾ ਤੇ ਕਰਮਾਂ ਦਾ ਫਲ ਨੂੰ ਮੰਨ ਕੇ ਆਤਮਾ ਨੂੰ ਅਕਰਤਾ ਆਖਿਆ ਗਿਆ ਹੈ ਪਰ ਨਾਲ ਹੀ ਭਰਮ ਵਸ ਉਸ ਨੂੰ ਭੋਗਤਾ ਮੰਨਿਆ ਗਿਆ ਹੈ। ਜੇ ਕਰਤਾ ਨਹੀਂ, ਤਾਂ ਭੋਗਤਾ ਕਿਵੇਂ ?

## ਵੇਦਾਂਤ ਜਾਂ ਮਾਇਆ

ਇਹ ਵੀ ਕਰਮ ਦੀ ਸਹੀ ਵਿਆਖਿਆ ਨਹੀਂ। ਪਰ ਮਾਇਆ ਦੇ ਰਹਿੰਦੇ ਆਤਮਾ ਦਾ ਸ਼ੁਧ ਨਿੱਤ ਸੁਭਾਵ ਮਨਿਆ ਗਿਆ ਹੈ ਇਸ ਪਖੋਂ ਮਾਇਆ ਫਜ਼ੂਲ ਸਿਧ ਹੁੰਦੀ ਹੈ।

## ਬੁਧ ਦਰਸ਼ਨ ਦਾ ਵਾਸ਼ਨਾਵਾਦ

ਬੁੱਧ ਮੱਤ ਨੇ ਕਰਮ ਨੂੰ ਚਿੱਤ ਦੀ ਵਾਸਨਾ ਮੰਨਿਆ ਹੈ। ਇਹੋ ਵਾਸਨਾ ਸੁੱਖ, ਦੁੱਖ ਦਾ ਕਾਰਨ ਬਣਦੀ ਹੈ।

## ਭੂਤਵਾਦ

ਪੰਜ ਤੱਤਾਂ ਦੇ ਸਰੀਰ ਮੰਨਣ ਵਾਲਿਆਂ ਨੇ ਦੇਹ ਨੂੰ ਹੀ ਆਤਮਾ ਮੰਨਿਆ ਹੈ ਸੋ ਇਹ ਦਰਸ਼ਨ ਆਤਮਾ ਨੂੰ ਹੀ ਸਹੀ ਢੰਗ ਨਾਲ ਨਹੀਂ ਪੇਸ਼ ਕਰਦਾ। ਇਸ ਕਾਰਨ ਕਰਮਾਂ ਬਾਰੇ ਅਤੇ ਕਰਮ ਫਲ ਬਾਰੇ ਇਹ ਚੁੱਪ ਹੈ।

## ਕਾਲ ਆਦਿ ਪੰਚ ਕਾਰਣ ਵਾਦ

1. **ਕਾਲਵਾਦ** : ਸੰਸਾਰ ਦੀਆਂ ਸਾਰੀਆਂ ਵਸਤਾਂ ਸ੍ਰਿਸ਼ਟੀ ਵਿਚ ਪ੍ਰਾਣੀਆਂ ਦੇ ਸੁਖ-ਦੁਖ, ਹਾਨੀ-ਲਾਭ, ਜੀਵਨ ਮਰਨ ਸਭ ਦਾ ਅਧਾਰ ਕਾਲ (ਸਮਾਂ) ਹੈ। ਕਾਲਵਾਦੀਆਂ ਪੁਰਸ਼ਾਰਥ ਨੂੰ ਨਹੀਂ ਮੰਨਦੇ। ਕਾਲ ਦੇ ਭਰੋਸੇ ਰਹਿਕੇ ਕੋਈ ਮਨੁੱਖ ਗਿਆਨ, ਦਰਸ਼ਨ, ਚਾਰਿਤਰ ਦੀ ਅਰਾਧਨਾ ਨਹੀਂ ਕਰ ਸਕਦਾ। ਕਰਮ ਬੰਧਨ ਨਹੀਂ ਕਟ ਸਕਦਾ।

2. **ਸੁਭਾਵਵਾਦ** : ਦੂਸਰੇ ਕਈ ਵਿਚਾਰ ਸੁਭਾਵਵਾਦ ਨੂੰ ਮੰਨਦੇ ਹਨ। ਉਨ੍ਹਾਂ ਦਾ ਆਖਣਾ ਹੈ ਸੰਸਾਰ ਵਿਚ ਜੋ ਅਨੋਖਾ ਪਨ ਹੈ। ਉਹ ਸੁਭਾਵ ਕਾਰਣ ਹੈ। ਕੰਡੇ ਦਾ ਤੀਖਾਪਣ, ਪਸ਼ੂ ਪੰਛੀਆ ਦਾ ਆਲਗ ੨ ਰੂਪ ਸੁਭਾਵ ਕਾਰਣ ਹੈ। ਸੁਭਾਵ ਤੋਂ ਬਿਨਾ ਮੂੰਗੀ ਪੱਕ ਨਹੀਂ

ਸਕਦੀ, ਭਲਾ ਲੱਖ ਕਾਲ ਦਾ ਧਿਆਨ ਰਖਿਆਂ ਜਾਵੇ। ਸ਼ਾਸਰਬਵਾਰਤਾ ਸਮੁਚਯ ਵਿਚ ਅਚਾਰਿਆ ਹਰੀਭੱਦਰ ਨੇ ਸੁਭਾਵਵਾਦ ਵਾਰੇ ਕਿਹਾ ਹੈ ਕਿਸੇ ਪ੍ਰਾਣੀ ਦਾ ਮਾਤ ਗਰਭ ਵਿਚ ਪ੍ਰਵੇਸ਼, ਬਚਪਨਾ ਸੁਭ ਅਸੁਭ ਅਨੁਭਵਾਂ ਦੀ ਪ੍ਰਾਪਤੀ ਆਦਿ ਗੱਲਾਂ ਸੁਭਾਵ ਤੋਂ ਅਸੰਭਵ ਨਹੀਂ ਸੁਭਾਵਵਾਦੀ ਸੰਸਾਰ ਦੀ ਵਿਚਿਤੱਰਤਾ ਦਾ ਕਿਸੇ ਨੂੰ ਕਾਰਣ ਨਹੀਂ ਮੰਨਦੇ। ਇਹ ਦਰਸ਼ਨ ਵੀ ਧਰਮ ਕਰਨ ਵਿਚ ਰੁਕਾਵਟ ਹੈ।

3. **ਪੁਰਸ਼ਵਾਦ** : ਸਾਰੀ ਸ੍ਰਿਸ਼ਟੀ ਦਾ ਰਚਨਹਾਰ ਪਾਲਨਹਾਰ ਤੇ ਮਾਰਨ ਵਾਲਾ ਇਕ ਰੱਬ ਹੈ। ਇਸ ਦਰਸਨ ਅਨੁਸਾਰ ਸ੍ਰਿਸ਼ਟੀ ਦੀ ਸਾਰੀ ਵਿਵਸਥਾ ਰੱਬ ਦੇ ਹਥ ਵਿਚ ਹੈ। ਇਹ ਦਰਸ਼ਨ ਆਤਮਾ ਦੀ ਸੁਤੰਤਰ ਸਤਾ ਨਹੀਂ ਮੰਨਦਾ।

4. **ਨਿਅਤੀਵਾਦੀ** : ਇਸ ਦਰਸ਼ਨ ਵਿਚ ਕਿਹਾ ਗਿਆ ਹੈ ਕਿ ਸੰਸਾਰ ਦੀ ਹਰ ਵਸਤੂ ਨੇ ਜਿਸ ਸਮੇਂ, ਜਿਸ ਕਾਰਣ, ਜਿਸ ਰੂਪ ਵਿਚ ਹੋਣਾ ਹੈ ਉਹ ਵਸਤੂ ਉਸੇ ਸਮੇਂ ਉਸੇ ਸਮੇਂ ਉਸੇ ਕਾਰਣ ਉਸੇ ਰੂਪ ਵਿਚ ਪੈਦਾ ਹੁੰਦੀ ਹੈ, ਹੋਣੀ ਬਲਵਾਨ ਹੈ ਉਸ ਨੂੰ ਕੋਈ ਨਹੀਂ ਟਾਲ ਸਕਦਾ। ਇਸ ਸਿਧਾਂਤ ਵਿਚ ਬਲ, ਵੀਰਜ, ਪੁਰਸ਼ਾਰਥ ਪ੍ਰਕਾਰਮ ਆਦਿ ਦੀ ਕੋਈ ਜਰੂਰਤ ਨਹੀਂ।

5. **ਯੱਦ ਇੱਛਾਵਾਦ** : ਕੋਈ ਵੀ ਨਿਸ਼ਚਿਤ ਕਾਰਣ ਤੋਂ ਬਿਨਾਂ ਹੀ ਕਾਰਜ ਦੀ ਉਤਪਤਿ ਹੋ ਜਾਂਦੀ ਹੈ। ਬਿਨ੍ਹਾਂ ਸਹਾਰੇ ਕਿਸੇ ਘੱਟਨਾ ਦਾ ਘਟ ਜਾਨਾ ਯੱਦ ਇੱਛਾ ਹੈ। ਜਿਸ ਦਾ ਭਾਵ ਹੈ ਅਚਾਨਕ। ਉਪਸ੍ਰਿਸ਼ਟਾ ਅਤੇ ਮਹਾਂਭਾਰਤ ਵਿਚ ਇਸ ਪੁਰਸਾਰਥ ਹੀਨ ਸਿਧਾਂ ਦਾ ਜ਼ਿਕਰ ਹੈ।

## ਦੇਵ ਵਾਦ

ਪਿਛਲੇ ਕੀਤੇ ਕਰਮਾਂ ਦੇ ਸਹਾਰੇ ਬੈਠੇ ਰਹਿਣਾ ਅਤੇ ਕੋਈ ਮੇਹਨਤ ਨਾ ਕਰਨਾ ਹੀ ਦੇਵ ਵਾਦ ਹੈ। ਇਸ ਨੂੰ ਭਾਗ ਵਾਦ ਆਖ ਸਕਦੇ ਹਨ। ਇਹ ਪੂਰਨ ਗੁਲਾਮ ਜਿਧਾਂਤ ਹੈ। ਮਨੁੱਖ ਨੂੰ ਕਿਸਮਤ ਦੇ ਹੱਥ ਖਿਲੌਨਾ ਬਨਣ ਦਾ ਉਪਦੇਸ਼ ਦਿੰਦਾ ਹੈ। ਦੇਵਵਾਦ ਅਨੇ ਨਿਅਤੀਵਾਦ ਵਿਚ ਇਕ ਫਰਕ ਹੈ। ਦੇਵਵਾਦ ਕਰਮ ਅਤੇ ਫੱਲ ਨੂੰ ਮੰਨਦਾ ਹੈ ਪਰ ਨਿਅਤੀਵਾਦ ਤਾਂ ਅਕ੍ਰਿਆਵਾਦ (ਅਕਰਮ) ਨੂੰ ਮੰਨਦਾ ਹੈ।

## ਪੁਰਸ਼ਾਰਥਵਾਦ

ਜੈਨ ਦਰਸ਼ਨ ਅਨੁਸਾਰ ਕਰਮ ਦਾ ਅਰਥ ਗੀਤਾ ਜਾ ਉਪਨਿਸ਼ਧ ਵਾਲਾ ਨਹੀਂ ਹੈ ਕਿਉਂਕਿ ਇਨ੍ਹਾਂ ਗ੍ਰੰਥਾਂ ਵਿਚ ਕਰਮ ਦਾ ਅਰਥ ਕ੍ਰਿਆ ਹੈ। ਜੈਨ ਧਰਮ ਅਨੁਸਾਰ ਕਰਮ ਆਤਮਾ ਨਾਲ ਚਿਮੜੇ ਸੂਖਮ ਪੁਦਗਲ ਪਦਾਰਥ ਦਾ ਨਾਂ ਹੈ।

ਚੰਗਾ ਜਾਂ ਮਾੜਾ ਪ੍ਰਾਪਤ ਹੋਣਾ ਮੇਹਨਤ ਤੇ ਨਿਰਭਰ ਹੈ। ਜੇ ਠੀਕ ਢੰਗ ਨਾਲ ਮਿਹਨਤ ਕੀਤੀ ਜਾਵੇ ਤਾਂ ਹਰ ਵਸਤੂ ਮਿਲ ਸਕਦੀ ਹੈ। ਭਾਗ, ਦੇਵਤਾ, ਨਿਅਤੀ ਕਾਲ

ਸਭ ਕੁਝ ਪੁਰਸ਼ਾਰਥ ਹੈ। ਪੁਰਸ਼ਾਰਥ ਵਿਚ ਇੱਛਾ ਸੁਤੰਤਰ ਹੈ।

ਇਸ ਦਰਸ਼ਨ ਵਿਚ ਭਾਗ ਜਾਂ ਕਿਸਮਤ ਦਾ ਕੋਈ ਅਰਥ ਨਹੀਂ। ਪੁਰਸ਼ਾਰਥੀ ਆਦਮੀ ਆਪਣੇ ਹੱਥ ਨਾਲ ਆਪਣਾ ਯੋਗ ਹਾਲਤ ਬਣਾ ਸਕਦਾ ਹੈ।

## ਜੈਨ ਦਰਸ਼ਨ

ਜੈਨ ਦਰਸ਼ਨ ਵਿਚ ਸਾਰੇ ਸਿਧਾਤਾਂ ਦਾ ਸੁਮੇਲ ਕੀਤਾ ਗਿਆ ਹੈ। ਜੈਨ ਦਰਸ਼ਨ ਆਖਦਾ ਹੈ। ਜਿਵੇਂ ਕਿਸੇ ਕੰਮ ਦੀ ਉਤਪਤੀ ਦਾ ਇਕ ਕਾਰਣ ਨਹੀਂ ਹੁੰਦਾ, ਸਗੋਂ ਅਨੇਕਾਂ ਹੁੰਦੇ ਹਨ ਇਸੇ ਪ੍ਰਕਾਰ ਹਰ ਕਰਮ ਦੇ ਨਾਲ ਨਾਲ, ਕਾਲ. ਸੁਭਾਅ ਨਿਯਤੀ ਅਤੇ ਪੁਰਸ਼ਾਰਥ ਨਾਲ ਨਾਲ ਚਲਦੇ ਹਨ. ਇਨ੍ਹਾਂ ਸਾਰਿਆਂ ਕਾਰਣ ਹੀ ਸੰਸਾਰ ਵਿਚ ਭਿਨੰਤਾ ਨਜ਼ਰ ਆ ਰਹੀ ਹੈ।

ਜਿਵੇਂ ਕਿਸਾਨ ਦੀ ਖੇਤੀ ਤੱਦ ਹੀ ਸਫਲ ਹੁੰਦੀ ਹੈ ਜਦ ਬਿਜਾਈ ਦੀ ਰੁੱਤ ਠੀਕ ਹੋਵੇ, ਬੀਜ, ਸਾਫ ਸੁਥਰਾ ਤੇ ਫੁਟਣ ਯੋਗ ਹੋਵੇ (ਸੁਭਾਵ) ਫੇਰ ਭਾਗ (ਨਿਯਤੀ) ਸਾਥ ਦੇਵੇ, ਕੋਈ ਪ੍ਰਾਕ੍ਰਿਤੀ ਰੁਕਾਵਟ ਨਾ ਆਵੇ, ਤੱਦ ਹੀ ਕਿਸਾਨ ਦਾ ਪੁਰਸਾਰਥ ਸਫਲ ਹੋਵੇਗਾ। ਜੇ ਪੁਰਸਾਰਥ (ਮਿਹਨਤ) ਨਹੀਂ ਕਰੇਗਾ ਤਾਂ ਪਹਿਲੇ ਸਾਰੇ ਕਾਰਣ ਬੇਕਾਰ ਹਨ।

''ਸੰਸਾਰ ਵਿਚ ਸਾਰੀਆਂ ਭਿਨਤਾਵਾਂ ਦਾ ਕਾਰਣ ਕਰਮ ਹੈ। ਅਚਾਰਿਆ ਸਿੱਧ ਸੈਨ ਦਿਵਾਕਰ ਅਤੇ ਅਚਾਰਿਆ ਹਰੀ ਭੱਦਰ ਆਖਦੇ ਹਨ : ''ਕਾਲ, ਸੁਭਾਵ, ਨਿਅੱਤੀ, ਪੂਰਵ ਕਰਮ (ਦੇਵ ਵਾਦ ਜਾਂ ਭਾਗ ਵਾਦ) ਅਤੇ ਪੁਰਸ਼ਾਰਥ ਇਨਾਂ ਪੰਜਾਂ ਕਾਰਣਾ ਵਿਚੋਂ ਇਕ ਨੂੰ ਏਕਾਂਤ ਰੂਪ ਵਿਚ ਕਾਰਣ ਮੰਨਣਾ ਅਤੇ ਬਾਕੀ ਨੂੰ ਨਾ ਮੰਨਣਾ ਹੀ ਮਿਥਿਆਤਵ ਹੈ। ਇਨਾਂ ਪੰਜਾਂ ਕਾਰਣਾ ਦੇ ਸੁਮੇਲ ਤੋਂ ਕਾਰਜ ਦੀ ਉਤਪਤਿ ਤੋਂ ਕਾਰਣ ਮਨਣਾ ਹੀ ਸਮੀ ਅੱਕਤ ਹੈ।

## ਕਰਮ ਸ਼ਬਦ ਦਾ ਅਰਥ

ਆਮ ਲੋਕ ਕੰਮ ਧੰਦੇ ਰੂਪ ਵਿਚ ਕਰਮ ਸ਼ਬਦ ਦਾ ਪ੍ਰਯੋਗ ਕਰਦੇ ਹਨ ਖਾਣਾ ਪੀਣਾ ਚਲਣਾ, ਫਿਰਣਾ, ਸੌਣਾ, ਜਾਗਣਾ ਆਦਿ ਕ੍ਰਿਆਵਾਂ ਲਈ ਕਰਮ ਸ਼ਬਦ ਦੀ ਵਰਤੋਂ ਕੀਤੀ ਜਾਂਦੀ ਹੈ।

ਪੁਰਾਣਾਂ ਵਿਚ ਵਿਸਵਾਸ਼ ਕਰਨ ਵਾਲੇ ਵਰਤ ਆਦਿ ਧਾਰਮਿਕ ਕ੍ਰਿਆਂਵਾਂ ਨੂੰ ਕਰਮ ਆਖਦੇ ਹਨ।

ਮੀਮਾਸਾ ਦਰਸ਼ਨ ਵਿਚ ਵਿਸ਼ਵਾਸ ਰਖਣ ਵਾਲੇ ਯੱਗ ਨੂੰ ਕਰਮ ਆਖਦੇ ਹਨ। ਸਮਰਿਤੀਆਂ ਵਿਚ ਵਿਸ਼ਵਾਸ ਰਖਣ ਵਾਲੇ ਵਰਣਾ ਦੇ ਆਖੇ ਕਰਤਵਾਂ ਨੂੰ ਕਰਮ ਆਖਦੇ ਹਨ।

ਕੁਝ ਦਾਰਸ਼ਨੀਕ ਮਤਾ ਨੇ ਸੰਸਕਾਂਰ, ਆਸ਼ਯ (ਵਿਚਾਰਾਂ, ਅਦਿਰਸ਼ਟ ਅਤੇ ਵਾਸਨਾ ਆਦਿ ਲਈ ਕਰਮ ਸ਼ਬਦ ਪ੍ਰਯੋਗ ਕੀਤਾ ਹੈ।

ਜੈਨ ਧਰਮ ਵਿਚ ਕਰਮ ਸ਼ਬਦ ਬੜੇ ਮਨੋਵਿਗਿਆਨਕ ਢੰਗ ਨਾਲ ਇਸਤੇਮਾਲ ਹੋਈ ਹੈ। ਜੈਨ ਧਰਮ ਦਾ ਸਾਰਾ ਦਰਸ਼ਨ ਹੀ ਕਰਮ ਸਿਧਾਂਤ ਦੇ ਆਲੇ ਦੁਆਲੇ ਘੁਮਦਾ ਹੈ।

ਜੈਨ ਧਰਮ ਅਨੁਸਾਰ ਜੀਵ ਦੀ ਆਪਣੀ ਸ਼ਰੀਰਕ ਮਾਨਸਿਕ ਅਤੇ ਵਚਨ ਦੀ ਸ਼ੁਭ ਅਸ਼ੁਭ ਕ੍ਰਿਆਵਾਂ ਰਾਂਹੀ ਪ੍ਰੇਰਿਤ ਹੋ ਕੇ ਜਾਂ ਮਿਥਿਆਤਵ, ਅਵਿਰਤੀ, ਪ੍ਰਮਾਦ, ਕਸ਼ਾਏ ਅਤੇ ਯੋਗ, ਰਾਗ ਅਤੇ ਦਵੇਸ਼ ਕਾਰਣ ਖਿਚਿਆ ਆਤਮਾ ਜੋ ਵੀ ਕੰਮ ਕਰਦਾ ਹੈ ਉਹ ਹੀ ਕਰਮ ਹੈ। ਕਰਮ ਅਨੰਤ ਪ੍ਰਮਾਣੂਆ ਦਾ ਸੰਕਧ ਹੈ। ਭਾਵ ਪੁਦਗਲ ਦੀ ਅਨੇਕ ਵਰਗਣਾ (ਜਾਤੀਆਂ) ਵਿਚ ਜੋ ਕਾਰਮਣਵਰਗਣਾ ਹੈ ਉਹ ਹੀ ਕਰਮ ਦਰਵ ਹੈ। ਕਰਮ ਦਰਵ ਸਾਰੇ ਲੋਕ ਵਿਚ ਸੂਖਮ (ਰਜ਼) ਦੇ ਰੂਪ ਵਿਚ ਫੈਲੀ ਹੋਈ ਹੈ। ਇਸ ਸੂਖਮ ਧੂਲ ਦੇ ਕਣ ਜਦ ਮਿਥਿਆਤਵ, ਅਵਿਰਤੀ, ਪ੍ਰਮਾਦ ਕਸ਼ਾਏ ਅਤੇ ਯੋਗ ਕਾਰਣ ਜਦ ਜੀਵ ਆਤਮਾ ਨਾਲ ਜੁੜ ਜਾਂਦੇ ਹਨ ਤਾਂ ਇਹ ਕਰਮ ਅਖਵਾਂਦੇ ਹਨ। ਆਤਮਾ ਦੇ ਸ਼ੁਭ ਅਸ਼ੁਭ ਕਾਰਣਾ ਨਾਲ ਖਿਚੇ ਹੋਏ ਅਤੇ ਕਰਮ ਰੂਪੀ ਪੁਦਗਲ ਹੀ ਕਰਮ ਹਨ। ਇਹ ਸਾਰੇ ਲੋਕ ਵਿਚ ਜੀਵ ਆਤਮਾ ਦੀ ਚੰਗੀ ਮਾੜੀ ਭਾਵਾਂ ਰਾਹੀਂ ਬੰਧਦੇ ਹਨ। ਇਸੇ ਨੂੰ ਬੰਧ ਆਖਦੇ ਹਨ। ਬੰਧ ਤੋਂ ਬਾਅਦ ਇਨਾਂ ਦਾ ਪਰਿਪਾਕ (ਸਤਾ) ਹੁੰਦਾ ਹੈ। ਸੁਖ ਦੁਖ ਫਲ ਨੂੰ ਭੋਗਨ ਦੀ ਅਵਸਥਾ ਕਰਮਾ ਦਾ ਉਦੇ ਹੈ।

## ਆਤਮਾ ਤੇ ਕਰਮ ਦਾ ਸੰਬੰਧ

ਆਤਮਾ ਅਮੂਰਤ (ਸ਼ਕਲ ਰਹਿਤ) ਹੈ ਅਤੇ ਕਰਮ ਪੁਦਗਲ ਰੂਪੀ ਸ਼ਕਲ ਵਾਲੇ ਜੜ ਹਨ। ਫੇਰ ਸਹਿਜ ਹੀ ਪ੍ਰਸ਼ਨ ਹੁੰਦਾ ਹੈ ਕਿਵੇਂ ਆਤਮਾ ਨੂੰ ਕਰਮ ਪੁਦਗਲ ਆਪਣੇ ਖਿਚਦੇ ਵੱਲ ਹਨ ਅਤੇ ਕਿਵੇਂ ਕਰਮ ਬੰਧ ਹੁੰਦਾ ਹੈ?

ਜੈਨ ਅਚਾਰਿਆ ਨੇ ਇਸ ਸਿਧਾਂਤ ਦਾ ਸਪਸ਼ਟੀਕਰਨ ਕਰਦੇ ਹੋਏ ਕਿਹਾ ਹੈ "ਜਿਵੇਂ ਸ਼ਰਾਬ ਅਤੇ ਜ਼ਹਿਰ ਮੂਰਤ ਰੂਪ ਵਿਚ ਹੁੰਦੇ ਹੋਏ ਵੀ ਆਤਮਾ ਦੇ ਗਿਆਨ ਸੁਭਾਵ ਨੂੰ ਪ੍ਰਭਾਵਿਤ ਕਰਦੇ ਹਨ। ਜਿਵੇਂ ਮੂਰਤ ਸ਼ਰਾਬ, ਅਮੂਰਤ ਗਿਆਨ ਨੂੰ ਪ੍ਰਭਾਵਿਤ ਕਰਦੀ ਹੈ ਉਸੇ ਪ੍ਰਕਾਰ ਮੂਰਤ ਕਰਮ, ਅਮੂਰਤ ਆਤਮਾ ਨੂੰ ਆਪਣੇ ਫਲ ਰਾਹੀਂ ਪ੍ਰਭਾਵਿਤ ਕਰਦੇ ਹਨ।

ਜੈਨ ਧਰਮ ਅਨੇਕਾਂਤਵਾਦੀ ਹੈ। ਇਹ ਸਿਧਾਂਤ ਨੂੰ ਹਰ ਪਖੋਂ ਵਿਚਾਰਦਾ ਹੈ। ਅਨੇ-ਕਾਂਤ ਦੀ ਦਰਿਸ਼ਟੀ ਨਾਲ ਆਤਮਾ ਅਮੂਰਤ ਵੀ ਹੈ, ਮੂਰਤ ਵੀ ਕਰਮਾਂ ਦਾ ਵਹਾਅ ਅਨਾਦਿ ਹੋਣ ਕਾਰਣ, ਸੰਸਾਰੀ ਜੀਵ ਅਨਾਦੀ ਕਾਲ ਤੋਂ ਕਰਮ ਪ੍ਰਮਾਣੂਆਂ ਵਿਚ ਬੰਧਿਆ ਆ ਰਹੇ ਹਨ। ਅਤੇ ਇਹ ਕਰਮ ਪ੍ਰਮਾਣੂ ਸੋਨੇ ਉਪਰ ਪਈ ਧੂਲ ਸਮਾਨ ਹਨ। ਇਸ ਪਖੋਂ ਆਤਮਾ ਹਮੇਸ਼ਾ ਅਮੂਰਤ ਨਹੀਂ, ਕਰਮ ਹੋਣ ਕਾਰਣ ਕਿਸੇ ਪਖੋਂ ਆਤਮਾ ਮੂਰਤ ਵੀ ਹੈ। ਇਸ ਸਿਟੇ ਵਜੋਂ ਮੂਰਤ ਕਰਮਾ ਦਾ ਮੂਰਤ ਆਤਮਾ ਨੂੰ ਪ੍ਰਭਾਵਿਤ ਕਰਨਾ ਕੋਈ ਅਣਹੋਣੀ ਗਲ ਨਹੀਂ।

ਸੰਸਾਰੀ ਆਤਮਾ ਦੇ ਹਰ ਆਤਮ ਪ੍ਰਦੇਸ਼ ਤੇ ਅਨਾਦਿ ਕਾਲ ਤੋਂ ਅੰਨਤ, ਅਨੰਤ

ਕਰਮਵਰਗਣਾਂ ਦੇ ਪੁਦਗਲ ਕਾਰਮਣ ਸਰੀਰ ਦੇ ਰੂਪ ਵਿਚ ਚਿਪਕੇ ਰਹਿੰਦੇ ਹਨ।

ਅਸਲ ਵਿਚ ਕਰਮ ਪੁਦਗਲਾ ਕਾਰਣ ਹੀ ਨਵੇਂ ਕਰਮਾਂ ਦਾ ਉਦੇ ਹੁੰਦਾ ਰਹਿੰਦਾ ਹੈ ਕਰਮਾਂ ਦੇ ਪੂਰਨ ਖਾਤਮੇ ਤੇ ਮੁਕਤ ਸਿਧ ਭਗਵਾਨ ਦੇ ਕਾਰਮਣ ਵੀ ਸ਼ਰੀਰ ਨਹੀਂ ਹੁੰਦਾ। ਇਸੇ ਕਾਰਣ ਮੁਕਤ ਆਤਮਾਵਾਂ ਨੂੰ ਕਰਮ ਬੰਧ ਵੀ ਨਹੀਂ ਹੁੰਦਾ।

ਹੁਣ ਸਵਾਲ ਪੈਦਾ ਹੁੰਦਾ ਹੈ ਕਿ ਇਹ ਕਰਮਾਂ ਦਾ ਨਾਸ਼ ਕਿਵੇਂ ਹੋਵੇ। ਇਸ ਤੋਂ ਇਹ ਸਮਝਣਾ ਬਹੁਤ ਜਰੂਰੀ ਹੈ ਕਿ ਕੋਈ ਇਕ ਕਰਮ ਨਿਜੀ ਰੂਪ ਵਿਚ ਅਨਾਦਿ ਨਹੀਂ, ਸਗੋਂ ਇਸ ਦਾ ਭਾਵ ਹੈ ਕਿ ਜਦ ਤੱਕ ਸ਼ਰੀਰ ਹੈ ਤੱਦ ਤਕ ਆਤਮਾ ਪੁਰਾਣੇ ਬੰਧੇ ਕਰਮ ਝਾੜਦੀ ਰਹਿੰਦੀ ਹੈ ਅਤੇ ਨਵੇਂ ਬੰਧਦੀ ਰਹਿੰਦੀ ਹੈ। ਕਰਮ ਪੁਦਗਲ ਦਾ ਆਉਣਾ ਤੇ ਜਾਣਾ ਅਨਾਦਿ ਕਾਲ ਤੋਂ ਚਲਿਆ ਆ ਰਿਹਾ ਹੈ। ਕੋਈ ਸਮਾਂ ਨਹੀਂ ਜਦ ਆਤਮਾ ਕਰਮਾਂ ਦਾ ਬੰਧ ਨਾ ਕਰੇ ਅਤੇ ਨਾ ਭੋਗੇ।

ਆਤਮਾ ਨੂੰ ਕਰਮਾਂ ਤੋਂ ਛੁਟਕਾਰਾ ਦਿਵਾਉਣ ਲਈ ਸਮਿਅਕ ਗਿਆਨ, ਸਮਿਅਕ ਚਾਰਿੱਤਰ ਰੂਪੀ ਤਿੰਨ ਰਤਨਾਂ ਦੀ ਉਪਾਸ਼ਨਾ ਜ਼ਰੂਰੀ ਹੈ।

ਕਰਮਾਂ ਦਾ ਆਤਮਾ ਨਾਲ ਰਿਸ਼ਤਾ ਅਨਾਦਿ ਹੋਣ ਦੇ ਬਾਵਜੂਦ ਵੀ ਆਤਮਾ ਅਥਾਹ ਸ਼ਕਤੀ ਦੀ ਮਾਲਕ ਹੈ। ਭਾਵੇਂ ਵੇਖਣ ਨੂੰ ਕਰਮ ਆਤਮਾ ਤੋਂ ਬਲਵਾਨ ਲਗਦੇ ਹਨ। ਕਿਉਂਕਿ ਇਹੋ ਕਰਮ ਕਾ ਜਨਮ, ਮਰਨ, ਦੁਖ ਤੇ ਸੁਖ ਦਾ ਕਾਰਣ ਹਨ। ਪਰ ਇਹ ਸਾਰੇ ਕਰਮ ਤਾਂ ਆਤਮਾ ਰੂਪੀ ਸ਼ੁਧ ਸੋਨੇ ਤੇ ਪਈ ਧੂਲ ਤੋਂ ਛੁਟ ਕੁਝ ਨਹੀਂ।

ਆਤਮਾ ਨਾਲ ਕਰਮਾਂ ਦਾ ਬੰਧਨਾ ਬੰਧ ਹੈ ਅਤੇ ਤਪ, ਸ਼ੁਭ ਧਰਮ ਧਿਆਨ ਨਾਲ ਕਰਮ ਪੁਦਗਲਾਂ ਦਾ ਝੜਨਾ ਨਿਰਜਰਾ ਹੈ। ਕਰਮਾ ਦੇ ਪੁਦਗਲ ਆਤਮਾ ਪ੍ਰਦੇਸ਼ਾ ਨਾਲ ਇਕ ਮਿਕ ਹੋ ਕੇ ਅੱਠ ਪ੍ਰਕਾਰ ਦੇ ਰੂਪ ਵਿਚ ਬਦਲ ਜਾਂਦੇ ਹਨ।

(1) ਅੱਠ ਪ੍ਰਕਾਰ ਦੇ ਕਰਮਾਂ ਦੀਆ ਜੋ 148 ਪ੍ਰਾਕ੍ਰਿਤੀਆਂ ਹਨ ਉਨ੍ਹਾਂ ਵਿਚ ਜੋ ਵਿਚ ਕਰਮਾ ਦਾ ਭਿਨ ਸੁਭਾਵ (ਪ੍ਰਕ੍ਰਿਤੀ) ਨਿਸ਼ਚਿਤ ਹੋਣਾ ਜਾ ਕਰਮ ਪੁਦਗਲ ਜਦ ਆਤਮਾ ਰਾਹੀਂ ਗ੍ਰਹਿਣ ਕੀਤੇ ਜਾਂਦੇ ਹਨ ਤਾਂ ਭਿੰਨ ਭਿੰਨ ਪ੍ਰਕਾਰ ਦੇ ਸੁਭਾਵ ਹੀ ਪ੍ਰਾਕਤਿ ਬੰਧ ਹੈ।

(2) ਆਤਮਾ ਦੇ ਨਾਲ ਕਰਮ ਬੰਧ ਰਹਿਣ ਦੀ ਕਾਲ ਮਰਿਆਦਾ (ਸਮਾਂ) ਸਥਿਤੀ ਬੰਧ ਹੈ।

(3) ਕਰਮ ਦਾ ਤੇਜ ਜਾ ਘਟ, ਸ਼ੁਭ ਅਸ਼ੁਭ ਰਸ। ਪ੍ਰਾਕ੍ਰਿਤੀ (ਸੁਭਾਵ) ਬੰਧਨ ਨਾਲ ਪ੍ਰਾਕ੍ਰਿਤੀ (ਸੁਭਾਵ ਨਿਰਮਾਨ) ਵੀ ਤੇਜ, ਮਧਮ ਅਤੇ ਘਟ ਸ਼ਕਤੀ ਦਾ ਹੁੰਦਾ ਹੈ। ਇਹ ਸ਼ਕਤੀ ਅਨੁਭਾਗ ਬੰਧ ਹੈ।

(4) ਕਰਮ ਦਲ ਦੇ ਪੁਦਗਲਾਂ ਦਾ ਘਟ ਜਾਂ ਵੱਧ ਜੀਵ ਨਾਲ ਬੰਧਨ ਹੀ ਪ੍ਰਦੇਸ਼ ਬੰਧ ਹੈ। ਆਤਮਾਂ ਰਾਂਹੀਂ ਤੱਪ, ਤਿਆਗ, ਵੇਰਾਗ ਰਾਂਹੀ ਕੀਤੀ ਧਰਮ ਸਾਧਨਾ ਨਾਲ ਇਹ

ਕਰਮ ਸ਼ਕਤੀ ਹਾਰ ਜਾਂਦੀ ਹੈ। ਜੇ ਕਰਮ ਸ਼ਕਤੀ ਜਿੱਤ ਜਾਵੇ, ਤਾਂ ਦੁਨੀਆਂ ਵਿਚ ਧਰਮ ਧਿਆਨ ਹੀ ਖਤਮ ਹੋ ਜਾਵੇਗਾ। ਸੋ ਆਤਮਾ ਦੀ ਸ਼ਕਤੀ ਹੀ ਸੱਚੀ ਸ਼ਕਤੀ ਹੈ।

ਜਦ ਜੀਵ ਰਾਗ ਦਵੇਸ਼ ਰੂਪੀ ਕਰਮਾਂ ਦੇ ਕਾਰਣਾ ਦੁਖੀ ਤੇ ਸੁੱਖੀ ਹੁੰਦਾ ਹੈ। ਇਸੇ ਰਾਗ, ਦਵੇਸ਼ ਕਾਰਣ ਜੜ ਕਰਮ ਇਨੇ ਸ਼ਕਤੀਸ਼ਾਲੀ ਹਮਲੇ (ਸ਼ਰੀਰਧਾਰੀ) ਆਤਮਾ ਤੇ ਕਰਦੇ ਹਨ। ਕਿ ਆਤਮਾ ਗੁਲਾਮ ਹੋ ਜਾਂਦੀ ਹੈ।

ਬੰਧ ਪਖੋਂ ਕਰਮ ਦੋ ਪ੍ਰਕਾਰ ਦੇ ਹਨ। ਦਰਵ ਕਰਮ, ਕਰਮ ਵਰਗਨਾਂ ਦਾ ਸੂਖਮ ਵਿਕਾਰ ਹਨ ਅਤੇ ਭਾਵ ਕਰਮ ਖੁਦ ਆਤਮਾ ਦਾ ਰਾਗ ਦਵੇਸ਼ ਪਰਿਣਾਮ ਹਨ। ਕਰਮ ਪੁਦਗਲਾਂ ਕਾਰਣ ਹੀ ਆਤਮਾ ਨੂੰ ਕਰਮਾਂ ਦਾ ਕਰਤਾ, ਵਿਵਹਾਰ ਨਯ ਪਖੋਂ ਆਖਿਆ ਜਾਂਦਾ ਹੈ ਨਿਸ਼ਚੈ ਪਖੋਂ ਸ਼ੁਧ ਮੁਕਤ ਆਤਮਾ ਤਾਂ ਕਰਮਾਂ ਦਾ ਕਰਤਾ ਨਹੀਂ ਹੁੰਦਾ। ਨਾ ਹੀ ਭੋਗਤਾ ਹੈ।

ਤਤਵਾਰਥ ਸੁੱਤਰ ਵਿਚ ਕਰਮਬੰਧ ਦੇ 5 ਕਾਰਣ ਮੰਨੇ ਗਏ ਹਨ। (1) ਮਿਥਿਆ ਦਰਸ਼ਨ (2) ਅਵਿਰਤਿ (3) ਪ੍ਰਮਾਦ (4) ਕਸ਼ਾਏ (5) ਯੋਗ।

## ਅੱਠ ਕਰਮਾਂ ਦਾ ਬੰਧ

ਜੀਵ ਆਯੂਸ਼ ਕਰਮ ਵਿਚੋਂ ਆਪਣੀ ਉਮਰ ਦੇ ਤਿਹਾਈ ਭਾਗ ਵੀਤਨ ਤੇ ਇਸ ਕਰਮ ਦਾ ਬੰਧ ਕਰਦੇ ਹਨ। ਬਾਕੀ 7 ਕਰਮ ਦਾ ਬੰਧ ਹਰ ਸਮੇਂ ਹੁੰਦਾ ਰਹਿੰਦਾ ਹੈ ਦੇਵ ਤੇ ਨਾਰਕੀ ਅਪਣੀ 6 ਮਹੀਨੇ ਉਮਰ ਬਾਕੀ ਰਹਿਨ ਤੇ ਆਯੂਸ਼ ਕਰਮ ਬੰਧ ਕਰਦੇ ਹਨ। ਕਰਮ ਆਤਮਾ ਦਾ ਗੁਣ ਨਹੀਂ। ਕਰਮ ਆਤਮਾ ਦਾ ਪਰਦਾ, ਗੁਲਾਮੀ, ਦੁਖਾਂ ਤੇ ਗੁਣਾਂ ਦਾ ਘਾਤਕ ਹੈ। ਆਤਮ ਵਿਚ ਅਨੰਤ ਵੀਰਜ (ਸਮਰੱਥ) ਹੈ ਇਸੇ ਕਾਰਣੇ ਉਹ ਲਬਧੀ ਵੀਰਜ ਹੈ। ਆਤਮਾ ਤੇ ਸ਼ਰੀਰ ਇਨ੍ਹਾਂ ਦੋਹਾਂ ਦਾ ਸਹਿਯੋਗ ਨਾਲ ਪ੍ਰਾਪਤ ਸਮਰਥਾ ਕਰਨ ਵੀਰਜ ਹੈ। ਇਸ ਨੂੰ ਅਸੀਂ ਕ੍ਰਿਆਤਮਕ ਸ਼ਕਤੀ ਆਖਦੇ ਹਨ।

## ਕਰਮ ਬੰਧਨ ਦੀਆਂ ਕਿਸਮਾਂ

ਸ਼ਾਸਤਰਾਂ ਵਿਚ ਦਰੱਵ ਕਰਮ ਬੰਧ ਦੇ ਚਾਰ ਭਾਗ ਕੀਤੇ ਗਏ ਹਨ। (1) ਪ੍ਰਾਕ੍ਰਿਤੀ ਬੰਧ (2) ਸਥਿਤੀ ਬੰਧ (3) ਅਨੁਭਾਗ ਬੰਧ (4) ਪ੍ਰਦੇਸ਼ ਬੰਧ।

ਆਤਮ ਪ੍ਰਦੇਸ਼ਾਂ ਦੇ ਕਰਮ ਪੁਦਗਲਾਂ ਨਾਲ ਮਿਲਾਪ ਹੀ ਪ੍ਰਦੇਸ਼ ਬੰਧ ਹੈ। ਇਸ ਬੰਧ ਦੇ ਹੁੰਦੇ ਹੀ ਸੁਭਾਵ ਦੀ ਬਨਾਵਟ ਕਾਲ ਮਰਿਆਦਾ ਅਤੇ ਫਲ ਸ਼ਕਤੀ ਦਾ ਨਿਰਮਾਣ ਹੁੰਦਾ ਹੈ। ਪ੍ਰਾਕ੍ਰਿਤੀ ਤੇ ਪ੍ਰਦੇਸ਼ ਬੰਧ ਜੀਵ ਦੇ ਮਨ, ਵਚਨ ਤੇ ਕਾਈਆ ਦੇ ਯੋਗਾਂ ਰਾਹੀ ਹੋਣ ਵਾਲੇ ਕੰਮਾਂ ਤੇ ਹਰਕਤਾਂ ਨਾਲ ਸੰਭਾਵਿਤ ਹਨ।

ਸਥਿਤੀ ਤੇ ਅਨੁਭਾਗ ਦਾ ਕਾਰਣ ਰਾਗ ਤੇ ਦਵੇਸ਼ ਹਨ। ਕਰਮ ਬੰਧ ਸਮੇਂ, ਆਤਮਾ ਦਾ ਅਤੇ ਕਰਮ ਦਾ ਸੰਜੋਗ ਹੁੰਦਾ ਹੈ। ਕਰਮਾਂ ਨੂੰ ਗ੍ਰਹਿਣ ਕਰਨ ਸਮੇਂ ਪੁਦਗਲ ਵਿਖਰਦੇ ਹਨ, ਗ੍ਰਹਿਣ ਤੋਂ ਬਾਅਦ ਉਹ ਫੇਰ ਆਤਮ ਪ੍ਰਦੇਸ਼ਾਂ ਨਾਲ ਇਕ ਮਿਕ ਹੋ ਜਾਂਦੇ ਹਨ ਇਹੋ ਪ੍ਰਦੇਸ਼ ਬੰਧ ਹੈ।

## ਕਰਮਾਂ ਦੀਆਂ ਮੁੱਖ ਕਿਸਮਾਂ, ਕੰਮ ਤੇ ਭੇਦ

ਕਰਮ ਵਰਗਣਾ ਦੇ ਪੁਦਗਲ ਪ੍ਰਮਾਣੂ ਕੰਮ ਭੇਦ ਪਖੋਂ ਅੱਠ ਭਾਗਾਂ ਵਿਚ ਵੰਡੇ ਜਾ ਸਕਦੇ ਹਨ। ਇਸ ਨੂੰ ਪ੍ਰਾਕ੍ਰਿਤੀ ਬੰਧ ਆਖਦੇ ਹਨ। ਇਨਾਂ ਰਾਹੀਂ ਕਰਮ ਦੇ ਭਿੰਨ ਭਿੰਨ ਸੁਭਾਵਾਂ ਦਾ ਨਿਰਮਾਣ ਹੁੰਦਾ ਹੈ। ਇਹ ਅੱਠ ਭਾਗ ਇਸ ਪ੍ਰਕਾਰ ਹਨ :
1] ਗਿਆਨ ਵਰਨੀਆਂ 2] ਦਰਸ਼ਨ ਵਰਨੀਆਂ 3] ਵੇਦਨੀਆਂ 4] ਮੋਹਨੀਆਂ 5] ਆਯੁਸ਼ 6] ਨਾਮ ਕਰਮ 7] ਗੋਤਰ ਕਰਮ 8] ਅੰਤਰਾਏ।

ਜਦੋਂ ਕੋਈ ਕੰਮ ਕੀਤਾ ਜਾਂਦਾ ਹੈ ਤਾਂ ਅੱਠ ਹੀ ਭਾਗ ਦੇ ਕਰਮ ਪ੍ਰਮਾਣੂ ਆਪਣੇ ੨ ਹਿਸੇ ਵਿਚ ਵੰਡੇ ਜਾਂਦੇ ਹਨ। ਜਿਸ ਪ੍ਰਕਾਰ ਮੂੰਹ ਵਿਚ ਰੋਟੀ ਪਾਉਣ ਨਾਲ ਸਰੀਰ ਵਿਚ ਸੱਤ ਧਾਤਾਂ ਦਾ ਨਿਰਮਾਨ ਆਪਣੇ ਆਪ ਹੋ ਜਾਂਦਾ ਹੈ।

ਇਨ੍ਹਾਂ ਕਰਮਾਂ ਦੇ ਵਿਚੋਂ ਚਾਰ ਕਰਮ ਘਾਤੀ ਹਨ : ਇਹ ਕਰਮ ਆਤਮ ਗੁਣ ਤੇ ਆਤਮ ਸ਼ਕਤੀ ਦੇ ਪ੍ਰਗਟ ਹੋਣ ਵਿਚ ਰੁਕਾਵਟ ਬਣਦੇ ਹਨ। ਇਹ ਕਰਮ ਹਨ 1] ਗਿਆਨ ਵਰਨੀਆ 2] ਦਰਸ਼ਨਾ ਵਰਨੀਆਂ 3] ਮੋਹਨੀਆਂ 4] ਅੰਤਰਾਏ।

ਅਰਿਹੰਤ ਕੇਵਲੀ, ਕੇਵਲ ਗਿਆਨ ਸਮੇਂ ਇਨਾਂ ਚਾਰ ਕਰਮਾਂ ਦਾ ਖਾਤਮਾ ਹਮੇਸ਼ਾ ਲਈ ਕਰ ਦਿੰਦੇ ਹਨ। ਉਨ੍ਹਾਂ ਨੂੰ ਇਨਾਂ ਕਰਮਾਂ ਦਾ ਬੰਧ ਨਹੀਂ ਸਤਾਉਂਦਾ।

### 1. ਗਿਆਨ ਵਰਨੀਆਂ

ਇਹ ਕਰਮ ਦਾ ਉਹ ਭੇਦ ਹੈ ਜਿਸ ਦੇ ਸਿਟੇ ਵਜੋਂ ਆਤਮਾ ਉਪਰ ਅਗਿਆਨ ਛਾ ਜਾਂਦਾ ਹੈ ਅਤੇ ਗਿਆਨ ਪ੍ਰਗਟ ਹੋਣ ਵਿਚ ਰੁਕਾਵਟ ਪੈਦਾ ਹੁੰਦੀ ਹੈ। ਆਵਰਨ ਦਾ ਅਰਥ ਹੀ ਪਰਦਾ ਹੈ। ਗਿਆਨ ਨੂੰ ਢੱਕਨ ਵਾਲੇ ਪੁਦਗਲ ਇਸ ਵਿਚ ਸ਼ਾਮਲ ਹੈ।

### ਗਿਆਨ ਵਰਨੀਆਂ ਕਰਮ ਬੰਧ ਦੇ ਕਾਰਣ

1] ਗਿਆਨ ਤੇ ਗਿਆਨੀਆ ਵਿਰੋਧਤਾ।
2] ਗਿਆਨ ਤੇ ਗਿਆਨੀ ਦਾ ਨਾਂ ਛਿਪਾਉਣਾ।
2] ਸ਼ਰੁਤ ਗਿਆਨ ਪੜਨ ਵਾਲੇ ਦੇ ਰਾਹ ਵਿਚ ਰੁਕਾਵਟ ਬਣਨਾ।
4] ਗਿਆਨ ਤੇ ਗਿਆਨੀਆਂ ਨਾਲ ਦਵੇਸ਼ ਕਰਨਾ।
5] ਗਿਆਨ ਤੇ ਗਿਆਨੀਆ ਦੀ ਨਿੰਦਾ ਕਰਨਾ, ਬੇਇਜਤੀ ਕਰਨਾ।
6] ਗਿਆਨ ਤੇ ਗਿਆਨੀਆਂ ਪ੍ਰਤੀ ਦੋਸ਼ ਤੇ ਝਗੜੇ ਖੜੇ ਕਰਨਾ।

### ਗਿਆਨ ਵਰਨੀਆਂ ਕਰਮ ਬੰਧ ਦਾ ਫਲ

1] ਸਰੋਤ ਵਰਨ 2] ਸਰੋਤ 3] ਗਿਆਨ ਵਰਨ 4] ਨੇਤਰਾ ਵਰਣ 5] ਨੇਤਰਾ ਗਿਆਰੂਰਨ 6] ਘ੍ਰਾਣ [ਸੁੰਘਣ] ਵਰਣ 7] ਘ੍ਰਾਣ ਗਿਆਨ ਵਰਨ 8] ਰਸਾ ਵਰਣ 9] ਰਸ ਗਿਆਨ ਵਰਣ 10] ਸਪਰਸਾ ਵਰਨ 11] ਸੁਪਰਸ਼

ਵਿਗਿਆ ਵਰਸ਼। ਜੋ ਅੰਸ਼ ਰੂਪ ਵਿਚ ਢਕਦਾ ਹੈ ਉਹ ਦੇਸਾਵਰਨ ਹੈ ਅਤੇ ਜੋ ਪੂਰਨ ਢਕਦਾ ਹੈ ਉਹ ਸਰਵਾਵਰਨ ਹੈ।

ਗਿਆਨ ਵਰਨੀਆਂ ਕਰਮ ਬੰਧ ਦੀ ਸਥਿਤੀ ਘਟੋ ਘਟ ਅੰਤ ਮਹੂਰਤ ਅਤੇ ਵਧ ਤੋਂ ਵਧ 30 ਕਰੋੜ ਕਰੋੜਸਾਗੋਰਪਮ ਹੈ। ਮਤੀ, ਸ਼ਰੁਤ, ਅਵਸ਼ੀ, ਮਨ ਪ੍ਰਯਭਵ ਚਾਰ ਗਿਆਨ ਦੇਸ਼ਾਵਰਵ ਹਨ। ਕੇਵਲ ਗਿਆਨ ਸਰਵਾਵਰਨ ਹੈ।

## 2. ਦਰਸ਼ਨਾ ਵਰਨੀਆਂ

ਇਸ ਕਰਮ ਬੰਧ ਦੇ ਪ੍ਰਗਟ ਹੋਣ ਨਾਲ ਆਤਮਾ ਦੀ ਵੇਖਨ ਸ਼ਕਤੀ ਤੇ ਪਰਦਾ ਪੈ ਜਾਂਦਾ ਹੈ। ਇਸ ਕਰਮ ਦੇ ਪ੍ਰਗਟ ਹੋਣ ਦੇ 6 ਕਾਰਣ ਮੰਨੇ ਗਏ ਹਨ। ਜੋ ਗਿਆਨ ਵਰਨੀਆਂ ਕਰਮ ਦੀ ਤਰਾਂ ਹੀ ਹਨ। ਸਮਿਅਕ ਦਰਸ਼ਨ ਵਿਚ ਵੀ ਇਹ ਕਰਮ ਰੁਕਾਵਟ ਹੈ।

### ਦਰਸ਼ਨਾਂ ਵਰਨ ਕਰਮ ਦੇ 6 ਕਾਰਣ

(1) ਦਰਸ਼ਨ ਜਾਂ ਦਰਸ਼ਨ ਵਾਨ ਪ੍ਰਤਿ ਉਲਟ ਚਲਣਾ
(2) ਦਰਸ਼ਨ ਜਾਂ ਦਰਸ਼ਨ ਵਾਨ ਦੇ ਨਾਮ ਨੂੰ ਛਿਪਾਉਣਾ।
(3) ਦਰਸ਼ਨ ਅਭਿਆਸ ਵਿਚ ਰੁਕਾਵਟ ਪਾਉਨਾ
(4) ਦਰਸ਼ਨ ਜਾਂ ਦਰਸ਼ਨਵਾਦ ਪ੍ਰਤਿ ਦਵੇਸ਼
(5) ਦਰਸ਼ਨ ਜਾਂ ਦਰਸ਼ਨ ਵਾਨ ਦੀ ਅਵੱਗਿਆ
(6) ਦਰਸ਼ਨ ਦਾ ਦਰਸ਼ਣ ਵਾਨ ਨਾਲ ਬੇਕਾਰ ਝਗੜਾਂ

### ਦਰਸ਼ਨਾਵਰਨ ਕਰਮ ਦਾ ਫਲ

1] ਨੀਂਦ 2] ਨਿੰਦਰਾਂ ਨਿੰਦਰਾ 3] ਪ੍ਰਚਲਾ 4] ਪ੍ਰਚਲਾ ਪ੍ਰਚੋਲਾ 5] ਸੱਤਯ ਨਿਰਿਧੀ 6] ਚਖਸ਼ੂਦਰਸ਼ਨਾ ਵਰਣ 7] ਅੱਚਖਸ਼ੂ ਦਰਸ਼ਨਾ ਵਰਨ 8] ਅਵੱਧੀ ਦਰਸ਼ਨਾ ਵਰਨ 9] ਕੇਵਲ ਦਰਸ਼ਨਾ ਵਰਨ। 10] ਕੇਵਲ ਦਰਸ਼ਨਾ ਵਰਨੀਆ।

## 3. ਮੋਹਨੀਆ ਕਰਮ

ਜਿਸ ਕਰਮ ਦੇ ਅਸਰ ਕਾਰਣ ਆਤਮਾ ਆਪਣੇ ਸਹੀ ਸਵਰੂਪ ਨੂੰ ਭੁਲ ਕੇ ਗੱਲਤ ਰਾਹ ਤੇ ਚਲਦੀ ਹੈ ਉਸਨੂੰ ਮੋਹਨੀਆਂ ਕਰਮ ਆਖਦੇ ਹਨ। ਇਸ ਕਰਮ ਦੇ ਉਦੇ ਕਾਰਣ ਮਨੁੱਖ ਸੱਚੇ ਧਰਮ ਦਾ ਪਾਲਣ ਨਹੀਂ ਕਰਦਾ। ਜੀਵ ਮੋਹਨੀਆਂ ਕਰਮਾਂ ਅਨੰਤਾਨੂੰ ਬੰਧੀ ਕਸ਼ਾਏ, ਅਪ੍ਰਤਿਖਿਆਨੀ ਕਸਾਏ, ਪ੍ਰਤਿਖਿਆਨ ਕਸ਼ਾਏ, ਸੰਜਵੱਲਨਕ ਕਸ਼ਾਏ ਅਤੇ 9 ਕਸ਼ਾਏ ਵੇਦਨੀਆ ਦੇ 9 ਪ੍ਰਕਾਰ ਇਸ ਤਰ੍ਹਾਂ 26 ਪ੍ਰਕਾਰ ਨਾਲ ਭੋਗਦਾ ਹੈ।

ਇਸ ਦੇ ਵਿਅਕਤ, ਅਵਿਅਕਤ ਦੋ ਰੂਪ ਹਨ। ਮੋਹਨੀਆ ਕਰਮ ਬੰਧ ਪ੍ਰਗਟ ਹੋਣ ਦੇ 6 ਕਾਰਣ ਹਨ। 1) ਤੀਵਰ ਕਰੋਧ 2) ਤੀਵਰ ਮਾਨ 3) ਤੀਵਰ ਮਾਈਆ 4) ਤੀਵਰ ਲੋਭ 5) ਤੀਵਰ ਦਰਸ਼ਨ ਮੋਹਨੀਆ 6) ਤੀਵਰ ਚਾਰਿਤਰ ਮੋਹਨੀਆ।

ਚਾਰ ਕਸ਼ਾਏ ਦਵੇਸ਼ ਅਤੇ ਧਰਮ ਤੋਂ ਬੇਮੁੱਖ ਮਨੁੱਖ ਇਨ੍ਹਾਂ ਕਰਮਾਂ ਕਾਰਣ ਹੀ ਹੁੰਦਾ ਹੈ। ਮੋਹਨੀਆਂ ਕਰਮ ਬੰਧ ਦੇ ਪੰਜ ਫਲ ਹੁੰਦੇ ਹਨ। 1) ਸਮਿੱਕਤਵ ਵੇਦਨੀਆਂ 2) ਮਿਥਿਆਤਵ ਵੇਦਨੀਆਂ 3) ਸਮਿਅਕ ਮਿਥਿਆਤਵ ਵੇਦਨੀਆਂ 4) ਕਸ਼ਾਏ ਵੇਦਨੀਆਂ 5) ਨੋ ਕਸ਼ਾਏ ਵੇਦਨੀਆਂ।

ਨੋ ਕਸ਼ਾਏ ਵੇਦਨਿਆ ਤੋਂ ਭਾਵ ਹੈ ਕਸ਼ਾਏ ਨੂੰ ਉਤੇਜਨਾ ਦੇਣ ਵਾਲੇ ਕਰਮ ਪੁਦਗਲ

ਇਸਦੇ 9 ਭੇਦ ਹਨ। (1) ਹਾਸਾ (2) ਰਤਿ (3) ਅਰਤਿ (ਦਵੇਸ਼) (4) ਸੋਗ (5) ਭੈ (6) ਜਗੁਪਸਾ (ਘਿਰਨਾ) (7) ਇਸਤਰੀ ਵੇਦ (ਪੁਰਸ਼ ਭੋਗ ਦੀ ਕਾਮਨਾ (8) ਪੁਰਸ਼ ਵੇਦ (ਇਸਤਰੀ ਭੋਗ ਦੀ ਕਾਮਨਾ) (9) ਨਪੁੰਸਕਵੇਦ (ਇਸਤਰੀ ਪੁਰਸ਼ ਭੋਗ ਦੀ ਕਾਮਨਾ। ਨੋ ਕਸ਼ਾਏ ਤੋਂ ਭਾਵ ਹੈ ਕਸ਼ਾਏ ਤਾਂ ਨਹੀਂ ਪਰ ਕਸ਼ਾਏ ਦਾ ਸਾਥੀ ਹੈ। ਕਸ਼ਾਏ ਤੋਂ ਬਿਨਾਂ ਨੋ ਕਸ਼ਾਵਾਂ ਦੀ ਹੋਂਦ ਨਹੀਂ।

ਇਸ ਕਰਮ ਬੰਧ ਦਾ ਭੋਗ ਸਮਾਂ ਘਟੋ ਘਟ 12 ਮਹੂਰਤ ਅਤੇ ਵਧੋ ਵਧ 30 ਕਰੋੜ × 30 ਕਰੋੜ ਸਾਗਰੋਪਮ ਹੈ।

## 4. ਅੰਤਰਾਏ ਕਰਮ

ਇਸ ਕਰਮ ਬੰਧ ਕਾਰਣ ਆਤਮਾ ਨੂੰ ਦਾਨ, ਲਾਭ, ਭੋਗ, ਉਪਭੋਗ ਤੇ ਪੁਰਸ਼ਾਰਥ (ਵੀਰਜ) ਦੀ ਸ਼ਕਤੀ ਵਧਾਉਣ ਵਿਚ ਰੁਕਾਵਟ ਪੈਦਾ ਹੁੰਦੀ ਹੈ। ਸਭ ਕੁਝ ਹੁੰਦੇ ਹੋਏ ਵੀ ਇਸ ਕਰਮ ਦੇ ਉਦੇ (ਪ੍ਰਗਟ) ਹੋਣ ਕਾਰਣ ਮਨੁੱਖ ਦਾਨ ਨਹੀਂ ਕਰ ਸਕਦਾ। ਚੀਜ ਮਿਲਣ ਦੀ ਆਸ ਤੇ ਵੀ ਜੋ ਚੀਜ ਨਾ ਮਿਲ ਸਕੇ, ਉਸਦਾ ਨਾ ਅੰਤਰਾਏ ਕਰਮ ਹੈ ਇਸ ਕਰਮ ਬੰਧ ਕਾਰਣ ਮਨ ਦੀ ਇੱਛਾ ਮਨ ਵਿਚ ਰਹਿ ਜਾਂਦੀ ਹੈ।

ਅੰਤਰਾਏ ਕਰਮ ਦੇ ਪ੍ਰਗਟ ਹੋਣ ਦੇ ਪੰਜ ਕਾਰਣ ਹਨ।

1) ਦਾਨ ਅੰਤਰਾਏ (ਦਾਨ ਵਿਚ ਰੁਕਾਵਟ ਪਾਉਣ) 2) ਲਾਭ ਅੰਤਰਾਏ 3) ਭੋਗ ਅੰਤਰਾਏ 4) ਉਪਭੋਗ (ਵਾਰ ਵਾਰ ਮਿਲਣ ਵਾਲੀ ਵਸਤੂ) ਅੰਤਰਾਏ 5) ਵੀਰਜ ਅੰਤਰਾਏ (ਕਿਸੇ ਸ਼ੁਭ ਕੰਮ ਲਗੀ ਸ਼ਕਤੀ ਵਿਚ ਰੁਕਾਵਟ ਪਾਉਣਾ

ਅੰਤਰਾਏ ਕਰਮ ਦਾ ਫ਼ਲ ਇਨ੍ਹਾਂ ਕਰਮ ਦੇ ਰੂਪ ਵਿਚ ਇਨ੍ਹਾਂ ਵਸਤੂ ਦੇ ਰੂਪ ਵਿਚ ਮਿਲਦਾ ਹੈ।

ਇਸ ਕਰਮ ਦੀ ਸਥਿਤੀ ਘਟੋ ਘਟ ਅੰਤ ਮਹੂਰਤ ਅਤੇ ਜ਼ਿਆਦਾ ਤੋਂ ਜਿਆਦਾ 30 ਕਰੋੜ × 30 ਕਰੋੜ ਸਗੋਪਮ ਹੈ।

## 5. ਵੇਦਨੀਆਂ ਕਰਮ

ਜਿਸ ਕਰਮ ਦੇ ਸਿਟੇ ਵਜੋਂ ਆਤਮਾ ਆਪਣੇ ਸਵਰੂਪ ਨੂੰ ਭੁਲ ਕੇ ਕੇਵਲ ਸੰਸਾਰਿਕ ਦੁਖ ਸੁਖ ਨੂੰ ਭੋਗਦੀ ਤੇ ਅਨੁਭਵ ਕਰਦਾ ਹੈ ਉਹ ਕਰਮ ਪੁਦਗਲ ਹੀ ਵੇਦਨੀਆਂ ਕਰਮ ਹਨ।

### ਵੇਦਨੀਆਂ ਕਰਮ ਦੋ ਪ੍ਰਕਾਰ ਦਾ ਹੈ

1) ਸਾਤਾਵੇਦਨੀਆਂ : (ਸੁਖ ਪੂਰਵਕ ਭੋਗਨਾ।

2) ਅਸਾਤਾਵੇਦਨੀਆਂ : (ਦੁਖ ਪੂਰਵਕ ਭੋਗਣ ਯੋਗ)।

ਇਸ ਕਰਮ ਦੇ ਖਾਤਮੇ ਨਾਲ ਹੀ ਬਾਕੀ ਆਤਮਾ ਦੇ ਸ਼ੁਭ ਗੁਣ ਪ੍ਰਗਟ ਹੋਣੇ ਸ਼ੁਰੂ ਹੋ ਜਾਂਦੇ ਹਨ।

ਸਾਤਾਵੇਦਨੀਆਂ ਕਰਮ ਅਤੇ ਅਸਾਤਾ ਵੇਦਨੀਆਂ ਕਰਮ ਦੇ ਦਸ-ਦਸ ਭੇਦ ਹਨ।

## ਸਾਤਾ ਵੇਦਨੀਆਂ (ਸੁੱਖ) ਕਰਮ

1] ਪ੍ਰਾਣ (ਦੋ ਇੰਦਰੀਆਂ ਤੋਂ ਚਾਰ ਇੰਦਰੀਆਂ ਜੀਵਾਂ) ਤੇ ਰਹਿਮ ਕਰਨ ਨਾਲ।
2] ਭੂਤ (ਬਨਾਸਪਤਿ ਦੇ ਜੀਵਾਂ ਤੇ ਕਾਈਆ) ਤੇ ਰਹਿਮ ਕਰਨ ਨਾਲ।
3] ਜੀਵ (ਪੰਜ ਇੰਦਰੀਆਂ ਵਾਲੇ ਜੀਵਾਂ) ਤੇ ਰਹਿਮ ਕਰਨ ਕਾਰਣ।
4] ਸਤੱਵ (ਪ੍ਰਿਥਵੀ, ਪਾਣੀ, ਅਗਨੀ, ਤੇ ਹਵਾ ਦੇ ਜੀਵਾਂ) ਤੇ ਰਹਿਮ ਕਰਨ ਕਾਰਣ।
5] ਇਨਾਂ ਸਾਰੇ ਜੀਵਾ ਨੂੰ ਦੁਖ ਨਾ ਦੇਣ ਕਾਰਣ।
6] ਇਨ੍ਹਾਂ ਸਾਰੇ ਜੀਵਾਂ ਵਿਚ ਚਿੰਤਾ ਪੈਦਾ ਹੋਣ ਤੋਂ ਰੋਕਣ ਕਾਰਣ।
7] ਇਨਾਂ ਸਾਰੇ ਜੀਵਾਂ ਨੂੰ ਵਿਲਾਪ ਤੋਂ ਰੋਕਣ ਕਾਰਣ।
8] ਇਨਾਂ ਸਾਰੇ ਜੀਵਾਂ ਨੂੰ ਹੰਝੂ ਵਹਾਉਣ ਤੋਂ ਰੋਕਣ ਕਾਰਣ।
9] ਇਨਾਂ ਸਾਰੇ ਜੀਵਾਂ ਨੂੰ ਮਾਰਣ ਕੁਟਣ ਤੋਂ ਰੋਕਣ ਕਾਰਣ।
10] ਉਨਾਂ ਨੂੰ ਕਿਸੇ ਪ੍ਰਕਾਰ ਦੀ ਵੀ ਤਕਲੀਫ ਨਾ ਦੇਣ ਕਾਰਣ ਸਾਤਾ ਵੇਦਨੀਆਂ ਕਰਮ ਪ੍ਰਗਟ ਹੁੰਦਾ ਹੈ। ਅਤੇ ਇਸ ਕਰਮ ਦੇ ਉਦੇ ਨਾਲ ਮਨੁਖ ਸੁਖੀ ਹੁੰਦਾ ਹੈ।

ਇਨ੍ਹਾਂ ਨੂੰ ਤਕਲੀਫ ਦੇਣ ਕਾਰਣ ਅਸਾਤਾ ਵੇਦਨੀਆਂ ਕਰਮ ਪ੍ਰਗਟ ਹੁੰਦਾ ਹੈ।

### ਅਸਾਤਵੇਦਨੀਆਂ ਕਰਮ ਦਾ ਫਲ

(1-5) ਸ਼ਬਦ, ਰੂਪ, ਗੰਧ ਰਸ ਤੇ ਸਪਰਸ਼ ਦਾ ਸੁਖ (6) ਮਨ ਦਾ ਸੁੱਖ (7) ਵਚਨ ਦਾ ਸੁੱਖ (8) ਕਾਈਆਂ ਦਾ ਸੁਖ ਹੈ।

ਅਸਾਤਾ ਵੇਦਨੀਆਂ ਕਰਮ ਦਾ ਫਲ ਦੁੱਖ ਰੂਪ ਵਿਚ ਉਲਟ ਹੁੰਦਾ ਹੈ। ਵੇਦਨੀਆਂ ਕਰਮ ਦਾ ਸਮਾਂ ਘਟੋ-ਘਟ 12 ਮਹੂਰਤ ਤੇ ਵਧੋ ਵੱਧ 30 ਕਰੋੜਾ ਕਰੋੜ ਸਾਗਰਪਮ ਹੈ।

### (6) ਨਾਮ ਕਰਮ

ਜੀਵਨ ਦੇ ਭਿੰਨ ਭਿੰਨ ਸਮਗਰੀ ਦੀ ਪ੍ਰਾਪਤੀ ਦੇ ਕਾਰਣ ਕਰਮ ਪੁਦਗਲ ਦਾਨਾ ਹੈ। ਇਸੇ ਕਰਮ ਦੇ ਸਿਟੇ ਵਜੋਂ ਜੀਵ ਨੂੰ ਸ਼ੁਭ ਜਾਂ ਅਸ਼ੁਭ ਸ਼ਰੀਰ ਮਿਲਦਾ ਹੈ। ਇਸ ਕਰਮ ਦੇ ਦੋ ਭੇਦ ਹਨ (1) ਸ਼ੁਭ (2) ਅਸ਼ੁਭ। ਜਿਵੇਂ ਚਿੱਤਰ ਕਾਰ ਭਿੰਨ ੨ ਪ੍ਰਕਾਰ ਦੇ ਚਿੱਤਰ ਬਨਾਉਦਾ ਹੈ ਉਸ ਪ੍ਰਕਾਰ ਇਹ ਕਰਮ ਭਿੰਨ ੨ ਗਤੀਆਂ ਦੀ ਰਚਨਾ ਵਿਚ ਸਹਾਇਕ ਹੈ।

ਸ਼ੁਭ ਨਾਮ ਵਾਲੇ ਮਨੁੱਖ ਸੁੰਦਰ, ਪ੍ਰਭਾਵਸ਼ਾਲੀ, ਨੀਰੋਗ ਹੁੰਦੇ ਹਨ। ਅਸ਼ੁਭ ਨਾਮ ਵਾਲੇ ਮਨੁੱਖ ਇਸ ਤੋਂ ਉਲਟ ਹੁੰਦੇ ਹਨ। ਇਸ ਕਰਮ ਦੇ ਖਾਤਮੇ ਤੋਂ ਬਾਅਦ ਆਤਮਾ ਆਪਣੇ ਅਮੂਰਤ ਸਥਿਤੀ ਵਿਚ ਸਥਿਤੀ ਹੋ ਜਾਂਦੀ ਹੈ।

ਸ਼ੁਭ ਨਾਮ ਕਰਮ ਪ੍ਰਾਪਤ ਹੋਣ ਦੇ ਚਾਰ ਕਾਰਣ ਹਨ।

(1) ਕਾਈਆ ਰਿਜੂਤਾ (ਸ਼ਰੀਰ ਰਾਂਹੀ ਕਿਸੇ ਨਾਲ ਛੱਲ ਨਾ ਕਰਨਾਂ) (2) ਭਾਵ ਰਿਜੂਤਾ (ਮਨ ਵਿਚ ਛੱਲ ਕਪਟ ਨਾ ਕਰਨਾ) (3) ਭਾਸ਼ਾ ਰਿਜੂਤਾ(ਛੱਲ ਕਪਟ ਵਾਲੀ ਭਾਸ਼ਾ ਨਾ ਬੋਲਣਾ) (4) ਅਵਿੰਸਵਾਦਨਯੋਗ ਮਨ, ਵਚਨ ਕਾਈਆ ਰਾਂਹੀ ਇਕ ਰੂਪ ਰਹਿਣਾ।

ਅਸੁਭ ਨਾਮ ਕਰਮ ਦੇ ਵੀ ਚਾਰ ਕਾਰਣ ਹਨ। ਜੋ ਇਸਦੇ ਉਲਟ ਹਨ ਜਿਸ ਦੇ ਸਿਟੇ

ਵਝੋਂ ਬੇਇਜ਼ਤੀ ਅਤੇ ਸ਼ਰੀਰਕ ਕਰੂਪਤਾ ਮਿਲਦੀ ਹੈ। ਇਹ ਕਰਮ 34 ਪ੍ਰਾਕ੍ਰਿਤੀਆਂ ਨਾਲ ਭੋਗਿਆ ਜਾਂਦਾ ਹੈ।

## ਸ਼ੁਭ ਨਾਮ ਕਰਮ ਦਾ ਫਲ

ਸ਼ੁਭ ਨਾਮ ਕਰਮ ਪ੍ਰਗਟ ਹੋਣ ਨਾਲ 14 ਪ੍ਰਕਾਰ ਦਾ ਸ਼ੁਭ ਕਰਮ ਪੈਦਾ ਹੁੰਦਾ ਹੈ। (1-5) ਇਸ਼ਟ [ਮਨਭਾਉਂਦੇ] ਸ਼ਬਦ, ਰੂਪ, ਰਸ, ਗੰਧ, ਸਪਰਸ਼ (6-7) ਇਸ਼ਟ [ਚੰਗੀ] ਗਤਿ ਤੇ ਸਥਿਤੀ (8) ਲਾਵਣੰਯ (9) ਯਸ਼ ਕੀਰਤੀ [ਮਸ਼ਹੂਰੀ] (10) ਉਥਾਨ, [ਕਰਮ ਬਲ-ਵੀਰਜ ਪੁਰਸ਼ਾਕਾਰ ਪ੍ਰਕਾਰਮ] (11) ਇਸ਼ਟ ਸਵਰਤਾ (12) ਕਾਂਤ ਸਵਰਤਾ (13) ਪ੍ਰਿਆਸਵਰਤਾ (14) ਮੋਰਿਆ ਸਵਰਤ।

ਇਸ ਕਰਮ ਦਾ ਸਮਾਂ ਘਟੋ ਘਟ ਅੱਠ ਮੁਹਰਤ ਵਧ ਤੋਂ ਵਧ 20 ਕਰੋੜ ਕਰੋੜ ਸਾਗੋਰਪਮ ਹੈ।

## (7) ਗੋਤਰ ਕਰਮ

ਇਸ ਕਰਮ ਕਾਰਣ ਉੱਚ ਜਾਂ ਨੀਚ ਅਖਵਾਉਦਾ ਇਹੋ ਗੋਤਰ ਕਰਮ ਉੱਚਤਾ, ਨੀਚਤਾ, ਸਨਮਾਨ ਤੇ ਅਪਮਾਨ ਦਾ ਕਾਰਣ ਵੀ ਬਣਦਾ ਹੈ। ਇਸ ਦੇ ਉੱਚ ਤੇ ਨੀਚ ਦੋ ਭੇਦ ਹਨ ।

ਇਸ ਕਰਮ ਦੇ ਖਾਤਮੇ ਤੋਂ ਬਾਅਦ ਆਤਮ ਅਗੁਰੂ ਲਘੂ (ਇਕ ਸਮਾਨ) ਅਵਸਥਾ ਨੂੰ ਪ੍ਰਾਪਤ ਹੁੰਦੀ ਹੈ।

ਉੱਚ ਗੋਤਰ ਦੀ ਪ੍ਰਾਪਤੀ ਲਈ ਅੱਠ ਮੱਦ ਦਾ ਤਿਆਗ ਜ਼ਰੂਰੀ ਹੈ।

1) ਜਾਤ ਮੱਦ [ਹੰਕਾਰ] 2) ਕੁਲ ਮਦ 3) ਬਲ ਮਦ 4) ਰੂਪ ਮਦ 5) ਤੱਪ ਮਦ 6) ਸਰੂਤ [ਸ਼ਾਸਤਰ ਗਿਆਨ] ਮਦ 7) ਲਾਭ ਮਦ 8) ਏਸ਼-ਵਰਿਆ [ਸ਼ਾਨ ਸ਼ੋਕਤ] ਮਦ।

ਇਹਨਾਂ ਵਸਤੂਆਂ ਦਾ ਹੰਕਾਰ ਨਾਂ ਕਰਨ ਕਾਰਣ ਉੱਚ ਗੋਤਰ ਕਰਮ ਦਾ ਬੰਧ ਹੁੰਦਾ ਹੈ। ਨੀਚ ਗੋਤਰ ਕਰਮ ਦਾ ਉਦੇ ਇਨਾਂ ਵਸਤੂਆਂ ਦਾ ਹੰਕਾਰ ਕਰਨਾ ਹੁੰਦਾ ਹੈ।

ਉੱਚ ਗੋਤਰ ਕਰਮ ਦਾ ਫ਼ਲ ਇਨਾਂ ਵਸਤੂਆਂ ਦਾ ਹੰਕਾਰ ਨਾ ਕਰਨ ਦੇ ਰੂਪ ਵਿਚ ਮਿਲਦਾ ਹੈ। ਭਾਵ ਹੰਕਾਰ ਨਾ ਕਰਨ ਨਾਲ ਚੰਗੀ ਜਾਤੀ, ਕੁਲ, ਬਲ, ਰੂਪ ਤੱਪ, ਸ਼ਰੂਤ, ਲਾਭ ਅਤੇ ਸ਼ਾਨ ਸ਼ੋਕਤ ਮਿਲਦੀ ਹੈ।

ਨੀਚ ਗੋਤਰ ਕਰਮ ਦਾ ਸਿੱਟਾ ਇਨਾਂ ਦਾ ਹੰਕਾਰ ਹੈ। ਇਸ ਕਰਮ ਬੰਧ ਦਾ ਸਮਾਂ ਨਾਮ ਕਰਮ ਜਿਨਾਂ ਹੈ।

## (8) ਆਯੂਸ਼ ਕਰਮ

ਇਸ ਕਰਮ ਕਾਰਣ ਆਤਮਾ ਚਾਰੇ ਗਤੀਆਂ ਵਿਚ ਕਿਸੇ ਨਿਸ਼ਚਿਤ ਸਮੇਂ ਲਈ, ਖਾਸ ਗਤੀ ਵਿਚ ਟਿਕਦੀ ਹੈ। ਜੀਵਨ ਦੇ ਕਾਰਣ ਪੁਦਗਲ ਹੀ ਆਯੂਸ਼ ਕਰਮ ਹਨ।

ਇਸ ਕਰਮ ਦੇ ਦੋ ਭੇਦ ਹਨ 1) ਸ਼ੁਭ ਆਯੂ 2) ਅਸ਼ੁਭ ਆਯੂ।

ਦੇਵਤਾ ਤੇ ਮਨੁਖ ਦੀ ਆਯੂ (ਉਮਰ) ਸ਼ੁਭ ਆਯੂ ਹੈ। ਪਸ਼ੂ ਤੇ ਨਾਰਕੀ ਦੀ ਅਸ਼ੁਭ ਆਯੂ ਹੈ। ਇਸ ਕਰਮ ਦੇ ਖਾਤਮੇ ਤੋਂ ਬਾਅਦ ਆਤਮਾ, ਨਜ਼ਰ, ਅਮਰ ਅਤੇ ਅਜਨਮਾਂ ਹੋ ਜਾਂਦਾ ਹੈ।

ਪਹਿਲੇ ਚਾਰ ਕਰਮ ਘਾਤੀ ਹਨ ਪਿਛਲੇ ਚਾਰ ਅਘਾਤੀ।

ਚਾਰ ਗਤੀਆਂ ਦੇ ਆਯੂ ਕਰਮ ਦੇ ਸਬੰਧ ਦੇ ਕਾਰਣ ਇਸ ਪ੍ਰਕਾਰ ਹੈ :—

ਨਰਕ ਆਯੂਸ ਦਾ ਕਾਰਣ :—1) ਮਹਾਂ ਹਿੰਸਾ ਕਰਨਾ 2) ਜਰੂਰਤ ਤੋਂ ਵਧ ਸੰਗ੍ਰਹਿ ਕਰਨਾ 3) ਮਾੱਸ ਅਹਾਰ 4) ਪੰਜ ਇੰਦਰੀਆਂ ਦੇ ਜੀਵਾਂ ਦੀ ਹਤਿਆ ਕਰਨਾ ਹੀ ਨਰਕ ਵਿਚ ਹੋਣ (ਆਯੁਸ਼) ਦੇ ਪ੍ਰਮੁਖ ਕਾਰਣ ਹਨ।

ਪਸ਼ੂ ਆਯੂਸ਼ ਦੇ ਕਾਰਣ :—1) ਪੰਰਬਚਨ :—ਕਿਸੇ ਨਾਲ ਠੱਗੀ ਕਾਰਣ 2) ਮਾਈਆ :—ਕਪਟ ਕਰਨ ਕਾਰਣ 3) ਝੂਠ ਬੋਲਣ ਕਾਰਣ 4) ਝੂਠੇ ਨਾਪ ਤੋਲ ਵਰਤਣ ਕਾਰਣ ਜੀਵ ਆਤਮਾ ਪਸ਼ੂ ਜੂਨ ਵਿਚ ਪੈਦਾ ਹੁੰਦਾ ਹੈ।

ਮਨੁੱਖ ਆਯੂਸ਼ ਦਾ ਕਾਰਣ :—1) ਸਰਲਤਾ (2) ਨਿਮਰਤਾ 3) ਦਿਆਲਤਾ 4) ਈਰਖਾ ਭਾਵ ਦਾ ਤਿਆਗ

ਦੇਵਤਾ ਦੀ ਆਯੂ ਦਾ ਕਾਰਣ :—1) ਸਾਧੂ ਧਰਮ ਪਾਲਣ ਕਰਕੇ 2) ਗ੍ਰਹਿਸਥ ਧਰਮ ਪਾਲਣ ਕਾਰਣ 3) ਅਕਾਮ ਨਿਰਜਰਾ 4) ਬਾਲਤੱਪ [ਅਗਿਆਨਤਾ ਪੂਰਵਕ ਕੀਤੀ ਤਪਸਿਆ]।

## ਲੇਸ਼ਿਆ

ਲੇਸ਼ਿਆ ਸ਼ਬਦ ਜੈਨ ਸਿਧਾਂਤ ਦਾ ਆਪਣਾ ਸ਼ਬਦ ਹੈ। ਇਸ ਸ਼ਬਦ ਦਾ ਅਰਥ ਹੈ ਪੁਦਗਲ ਦਰਵ ਦੇ ਸੁਮੇਲ ਤੋਂ ਪੈਦਾ ਹੋਣ ਵਾਲੇ ਜੀਵ ਦੇ ਵਿਚਾਰ ਪਰਿਣਾਮ। ਆਤਮਾ ਚੇਤੰਨ ਹੈ। ਜੜ ਸ਼ਰੀਰ ਇਸ ਤੋਂ ਵੱਖ ਹੈ। ਫੇਰ ਵੀ ਸੰਸਾਰੀ ਹਾਲਤ ਵਿਚ ਆਤਮਾ ਦਾ ਇਸ ਜੜ ਦਰੱਵ ਦਾ ਪ੍ਰਭਾਵ, ਜੀਵ ਦੇ ਵਿਚਾਰਾਂ ਤੇ ਪੈਂਦਾ ਹੈ। ਜਿਨ੍ਹਾਂ ਪੁਦਗਲਾਂ ਰਾਂਹੀ ਜੀਵ ਦੇ ਵਿਚਾਰ ਪ੍ਰਭਾਵਿਤ ਹੁੰਦੇ ਹਨ ਉਸ ਨੂੰ ਦਰੱਵ ਲੇਸ਼ਿਆ ਆਖਦੇ ਹਨ। ਦਰਵ ਲੇਸ਼ਿਆ ਪੁਦਗਲ ਹਨ। ਇਹਨਾਂ ਦਾ ਵਰਨ, ਗੱਧ, ਰਸ ਅਤੇ ਸਪਰਸ਼ ਹੁੰਦਾ ਹੈ। ਪਹਿਲੀਆਂ ਤਿੰਨ ਲੇਸ਼ਿਆਵਾਂ ਅਸ਼ੁਭ ਹਨ। ਅਤੇ ਪਿਛਲੀ ਤਿੰਨ ਸ਼ੁਭ। ਇਨ੍ਹਾਂ ਦਾ ਨਾਂ ਤੇ ਰੰਗ ਵੀ ਦਰਵ ਲੇਸਿਆ ਦੇ ਅਧਾਰ ਤੇ ਹੋਇਆ ਹੈ।

ਖਾਣ, ਪੀਣ, ਰਹਿਣ, ਸਹਿਣ, ਵਾਤਾਵਰਣ ਅਤੇ ਵਾਯੂ ਮੰਡਲ ਦਾ ਸ਼ਰੀਰ ਤੇ ਮਨ ਤੇ ਆਸਰੇ ਹੁੰਦਾ ਹੈ। ਸਰੀਰ ਅਤੇ ਮਨ ਇਕ ਹਨ। ਇਸੇ ਕਾਰਣ ਇਕ ਦਾ ਅਸਰ ਦੂਸਰੇ ਤੇ ਪਾਦੇ ਹੈ।

ਦਰਵ ਲੇਸ਼ਿਆ ਅਨੁਸਾਰ ਹੀ ਭਾਵ ਲੇਸ਼ਿਆ ਬਣਦੀ ਹੈ। ਦਰਵ ਲੇਸ਼ਿਆ ਅਨੁਸਾਰ ਹੀ ਵਿਚਾਰ ਬਣਦੇ ਹਨ। ਇਹੋ ਭਾਵ ਲੇਸ਼ਿਆ ਹੈ। ਲੇਸ਼ਿਆ ਨਾਲ ਦਰਵ ਤੋਂ ਰਹਿਣ

ਕੀਤੇ ਜਾਂਦੇ ਹਨ ਜੋ ਲੇਸ਼ਿਆ ਦੇ ਪਰਿਣਾਮ ਹਨ।

6 ਲੇਸ਼ਿਆਵਾਂ ਦੇ ਨਾਂ ਇਸ ਪ੍ਰਕਾਰ ਹਨ।

1) ਕਿਸ਼ਨ 2) ਨੀਲ 3) ਕਾਪੋਤ 4) ਤੇਜਸ 5) ਪਦਮ 6) ਸ਼ੁਕਲ

ਕਿਸ਼ਨ, ਨੀਲ, ਕਪੋਤ ਇਹ ਤਿਨ ਅਧਰਮ ਲੇਸ਼ਿਆਵਾਂ [ਅਸ਼ੁਭ ਵਿਚਾਰਾਂ] ਵਾਲੀਆਂ ਹਨ। ਤੇਜਸ, ਪਦਮ ਤੇ ਸ਼ੁਕਲ ਇਹ ਤਿੰਨ ਧਰਮ ਲੇਸ਼ਿਆਵਾਂ ਹਨ।

ਆਤਮਾ ਵਿਚ ਚੰਗੇ ਜਾਂ ਬੁਰੇ ਪ੍ਰਗਟ ਹੋਣ ਵਾਲੇ ਵਿਚਾਰਾਂ ਦਾ ਮੂਲ ਮਾਰਨ ਮੋਹ ਦਾ ਨਾਂ ਹੋਣਾ ਜਾਂ ਹੋਣਾ ਹੈ। ਜਿਸ ਰਾਂਹੀ ਜੀਵ ਆਤਮਾ ਆਪਣੇ ਆਪ ਨੂੰ ਪੁੰਨ ਪਾਪ ਦੇ ਅਧੀਨ ਕਰੇ।

ਕਸ਼ਾਏ ਅਤੇ ਯੋਗ [ਮਨ ਵਚਨ ਤੇ ਸਰੀਰ] ਦੇ ਸੁਮੇਲ ਦਾ ਨਾਂ ਹੀ ਲੇਸ਼ਿਆ ਹੈ।

ਮਨ ਵਿਚ ਭਿੰਨ ਭਿੰਨ ਪ੍ਰਕਾਰ ਦੇ ਵਿਚਾਰ ਉਤਪੰਨ ਹੁੰਦੇ ਹਨ। ਇਨ੍ਹਾਂ ਮਨ ਦੀ ਭਿੰਨ ਅਵਸਥਾਵਾਂ ਨੂੰ ਜੈਨ ਗ੍ਰੰਥਕਾਰਾਂ ਨੇ ਪਰਿਆਏ ਆਖਿਆ ਗਿਆ ਹੈ। ਕਰਮ ਪੁਦਗਲਾਂ ਨੂੰ ਆਤਮਾ ਨਾਲ ਚਿਪਕਾਉਣ ਵਿਚ ਲੇਸ਼ਿਆ ਦਾ ਹੱਥ ਹੈ।

ਲੇਸ਼ਿਆਂ ਦਾ ਕਰਮਬੰਧ ਵਿਚ ਬਹੁਤ ਮਹੱਤਵ ਪੂਰਣ ਸਥਾਨ ਹਨ। ਸੁਭਾਵ ਪਖੋਂ ਹਰ ਲੇਸ਼ਿਆ ਦੇ ਰੰਗ, ਸੁਆਦ ਅਤੇ ਅਸਰ ਦੇ ਗ੍ਰੰਥਕਾਰ ਨੇ ਇਸ ਪ੍ਰਕਾਰ ਵਰਣਨ ਕੀਤਾ ਹੈ।

| ਲੇਸ਼ਿਆ | ਰੰਗ | ਅਸਰ | ਲਛਣ |
|---|---|---|---|
| ਕਿਸ਼ਨ | ਕੱਜਲ ਦੀ ਤਰ੍ਹਾਂ ਕਾਲੀ | ਅਸ਼ੁਭ | ਕਰੋਧੀ, ਲੜਾਕੇ, ਰਹਿਮ ਤੋਂ ਰਹਿਤ ਅਤੇ ਦੁਸ਼ਟ ਸੁਭਾਅ। ਨੀਮ ਤੋਂ ਕੌੜੇ ਸੁਆਦ ਵਾਲੀ। ਮਰੇ ਸੱਪ ਦੀ ਬਦਬੂ ਵਾਲੇ। ਛੋਂ ਵਿਚ ਗਊ ਦੀ ਪੂੰਛ ਦੀ ਤਰ੍ਹਾਂ ਖੁਰਦਰੀ। |
| ਨੀਲ | ਨੀਲੀ | ਅਸ਼ੁਭ | ਘੱਟ ਕੰਮ ਕਰਨ ਵਾਲਿਆਂ, ਮਨਮਰਜੀ ਵਾਲੇ, ਵਿਵੇਕ ਤੇ ਕਲਾ ਤੋਂ ਰਹਿਤ, ਇੰਦਰੀਆਂ ਵਿਚ ਲਗੇ ਹੋਏ ਠੱਗ, ਧੰਨ ਦੌਲਤ ਦੇ ਭੁਖੇ। ਸੁੰਡ ਵਰਗ ਸਵਾਦ। ਗੰਧ ਤੇ ਛੋ ਪਹਿਲਾ ਦੀ ਤਰ੍ਹਾਂ ਹੈ। |
| ਕਪੋਤ | ਕਬੂਤਰ | ਅਸ਼ੁਭ | ਕਰੋਧੀ, ਨਿੰਦਕ, ਦੂਸਰੇ ਨੂੰ ਦੁਖ ਦੇਣ ਵਾਲੇ ਅਸਹਿਨ ਸ਼ੀਲ, ਹੱਤਕ ਕਰਨ ਵਾਲੇ ਅਵਿਸ਼ਵਾਸੀ ਲਾਪ੍ਰਵਾਹ, ਅਪਣੇ ਹੀ ਪ੍ਰਸ਼ਸਕ। ਕਚੇ ਅੰਬ ਦੇ ਤਿਖੀ। |
| ਤੇਜ਼ਸ | ਸਿਧੂਰ ਵਰਗਾ | ਸ਼ੁਭ | ਚੰਗੇ ਮੰਦੇ ਕੰਮ ਨੂੰ ਸਮਝਣ ਵਾਲਾ, ਸਮਦਰਸ਼ੀ ਦਿਆਲੂ, ਦਾਨੀ ਨਰਮ ਸੁਭਾਅ ਵਾਲਾ। ਸੁਆਦ ਪੱਕੇ ਅੰਬ ਦੇ ਰਸ ਵਰਗਾ। |

| | | | |
|---|---|---|---|
| ਪਦਮ | ਹਲਦੀ ਦੇ ਸਮਾਨ | ਸ਼ੁਭ | ਦਾਨੀ, ਉਤਮ ਸੁਭਾਅ ਵਾਲਾ, ਕਸ਼ਟ ਸਹਿਣਵਾਲਾ ਮੁਨੀ ਦੀ ਇੱਜਤ ਕਰਨ ਵਾਲਾ। ਫੁੱਲ ਜੇਹੀ ਗੰਧ ਛੋਹ ਮੱਖਣ ਤੋਂ ਵੱਧ ਚਿਕਨਾਹਟ ਵਰਗੀ ਸੁਆਦ ਸ਼ਹਿਦ ਵਰਗਾ ਸੁਆਦ। |
| ਸ਼ੁਕਲ | ਸਫੇਦ | ਸ਼ੁਭ | ਪੱਖਪਾਤ ਤੋਂ ਰਹਿਤ, ਦੁਖ, ਸੁਖ ਦੀ ਇੱਛਾ ਤੋਂ ਰਹਿਤ, ਰਾਗ, ਦਵੇਰਾ ਨਰਕ,ਸਵਰਗ ਅਤੇ ਪਰਿਵਾਰ ਦੀ ਇਛਾ ਤੋਂ ਰਹਿਤ। ਪਦਮ ਲੇਸ਼ਿਆ ਵਰਗਾ ਹੀ ਹੈ। |

ਲੇਸ਼ਿਆ ਦੇ ਪ੍ਰਭਾਵ ਇਕੱਲਾ ਸੰਸਾਰੀ ਮਨੁੱਖਾਂ ਤੇ ਨਹੀਂ ਸਗੋਂ ਨਰਕ। ਤੇ ਸਵਰਗ ਮਨੁਖ ਤੇ ਪਸ਼ੂ ਸਭ ਪ੍ਰਕਾਰ ਦੀ ਯੋਨੀਆਂ ਤੇ ਪੈਂਦਾ ਹੈ। ਲੇਸ਼ਿਆ ਅੱਠ ਕਰਮਾਂ ਦੇ ਵਾਧੇ ਤੇ ਘਾਟੇ ਦਾ ਕਾਰਣ ਬਣੀ ਹੈ।

ਨਾਮ ਕਰਮ ਦੇ ਵਰਣ ਨਾਮਕ ਭੇਦ ਕਾਰਣ ਹੀ ਮਨੁੱਖ ਦੇ ਸਰੀਰ ਦਾ ਰੰਗ ਬਣਦਾ ਹੈ। ਇਹਨੂੰ ਦਰਵ ਲੈਸ਼ਿਆ ਵਿਚ ਸਮਝਣਾ ਚਾਹੀਦਾ ਹੈ। ਸ਼ੁਭ ਲੇਸ਼ਿਆ ਨਾਲ ਸ਼ੁਭ ਕਰਮ ਦਾ ਉਦੇ ਹੁੰਦਾ ਹੈ। ਅਤੇ ਸ਼ੁਭ ਕਰਮ ਦੇ ਉਦੇ ਨਾਲ ਹੀ ਮਨੁਖ ਦੇ ਸੁਭਾਅ ਬਣਾ ਹੈ। ਕਰਮਾਂ ਦਾ ਫਲ ਮਿਲਦਾ ਹੈ।

ਅਸ਼ੁਭ ਲੇਸ਼ਿਆ ਨਾਲ, ਅਸ਼ੁਭ ਸਰੀਰ ਤੇ ਵਿਚਾਰ ਪੈਦਾ ਹੁੰਦਾ ਹੈ। ਸੋ ਲੇਸ਼ਿਆ ਕਰਮ ਬੰਦ ਦੇ 8 ਕਾਰਣ ਨੂੰ ਸੁਖਮ ਰੂਪ ਵਿਚ ਪ੍ਰਭਾਵਿਤ ਕਰਦੀ ਹੈ।

ਲੇਸ਼ਿਆ ਕਰਮਾਂ ਪੁਦਗਲਾਂ ਨਾਲ ਮਿਲਕੇ ਆਤਮਾ ਨਾਲ ਸਬੰਧ ਸਥਾਪਿਤ ਕਰਦੀ ਹੈ। ਲੇਸ਼ਿਆ ਕਰਮ ਬੰਧ ਦਾ ਇਕ ਪ੍ਰਮੁੱਖ ਕਾਰਣ ਯੋਗ ਦਾ ਹੀ ਸਹਾਇਕ ਹਿਸਾ ਹੈ।

ਕਰਮ ਪ੍ਰਮਾਣੂ ਦੇ ਉਦੇ ਹੋਣ ਤੇ ਜੀਵ ਦੀਆਂ ਇਹ ਅਵਸਥਾਵਾਂ ਹੁੰਦੀਆਂ ਹਨ : 1) 4 ਗਤੀਆਂ (ਨਰਕ, ਸਵਰਗ, ਦੇਵ ਤੇ ਮਨੁੱਖ) 2) ਕਾਇਆ (ਤਰੱਸ ਤੇ ਸਥਾਵਰ) 3) 4 ਕਸ਼ਾਏ 4) ਵੇਦ (ਇਸਤਰੀ-ਪੁਰਸ਼ ਤੇ ਨਪੁੰਸਕ 5) ਲੇਸ਼ਿਆ।

## ਕਰਮ ਦੀ 10 ਅਵਸਥਾਵਾਂ ਹਨ

(1) ਬੰਧ :—ਮਿਥਿਆਤਵ ਆਦਿ ਆਸ਼ਰਵਾਂ ਕਾਰਣ ਜੀਵ ਦੇ ਅਸੰਖ ਪ੍ਰਦੇਸਾਂ ਦੀ ਹਲਚਲ ਪੈਦਾ ਹੋਣ ਤੇ ਜਿਸ ਖੇਤਰ ਦੇ ਆਤਮ ਪ੍ਰਦੇਸ਼ ਹਨ ਉਸ ਖੇਤਰ ਵਿਚ ਵਿਦਮਾਨ ਅਨੰਤਾਂ ਅਨੰਤ ਕਰਮ ਯੋਗ ਪੁਦਗਲ ਆਤਮਾ ਪ੍ਰਦੇਸ਼ਾਂ ਦੇ ਨਾਲ ਬੰਧ ਜਾਂਦੇ ਹਨ ਚਿਪਕ ਜਾਂਦੇ ਹਨ ਉਸ ਨੂੰ ਬੰਧ ਆਖਦੇ ਹਨ।

(2) ਉਦਵਰਤਨਾ-ਅਪਵਰਤਨਾ :—ਸਥਿਤੀ ਅਤੇ ਅਨੁਭਾਗ ਦੇ ਵੱਧਨ ਨੂੰ ਉਦ ਵਰਤਨਾ ਅਤੇ ਘਟਨ ਨੂੰ ਅਪਵਰਤਨਾ ਆਖਦੇ ਹਨ। ਕਰਮ ਬੰਧ ਤੋਂ ਬਾਅਦ ਇਹ ਦੋਹੇ ਕ੍ਰਿਆਵਾ ਸ਼ੁਰੂ ਹੁੰਦੀਆਂ ਹਨ।

(3) ਸੱਤਾ :—ਬੰਧੇ ਹੋਏ ਕਰਮ ਉਸੇ ਸਮੇਂ ਫਲ ਨਹੀਂ ਦਿੰਦੇ। ਕੁਝ ਸਮਾਂ ਵਾਅਦ ਉਨ੍ਹਾਂ ਦਾ ਪਰਿਪਾਰਕ (ਵਿਪਾਕ) ਹੁੰਦਾ ਹੈ। ਇਸ ਲਈ ਕਰਮ ਅਪਣਾ ਫਲ ਨਾ ਦੇਕੇ ਜਦ ਤਕ ਆਤਮਾ ਦੇ ਨਾਲ ਹੋਂਦ ਵਿਚ ਰਹਿੰਦੇ ਹਨ ਉਹ ਦਸ਼ਾ ਸੱਤਾ ਹੈ।

(4) ਉਦੈ :—ਵਿਪਾਕ (ਫਲ) ਦਾ ਸਮੇ ਆਉਣ ਤੇ ਕਰਮ ਅਪਣਾ ਫੱਲ ਸ਼ੁਭ ਅਸ਼ੁਭ ਰੂਪ ਵਿਚ ਦਿੰਦੇ ਹਨ। ਉਦੇ ਦੋ ਪ੍ਰਕਾਰ ਦਾ ਹੈ।

(1) ਜੋ ਕਰਮ ਅਪਣਾ ਫਲ ਦੇਨੇ ਨਸ਼ਟ ਹੋ ਜਾਂਦਾ ਹੈ ਉਹ ਵਿਪਾਕਉਂਦੇ ਹਨ।

(2) ਜੋ ਕਰਮ ਉਦੈ ਵਿਚ ਆ ਕੇ ਬਿਨਾਂ ਫੱਲ ਦਿਤੇ ਨਸ਼ਟ ਹੋ ਜਾਵੇ ਉਹ ਪ੍ਰਦੇਸ਼ ਉਦੈ ਹਨ।

(5) ਉਦੀਰਨਾ :—ਜੋ ਕਰਮ ਦਲ ਭਵਿੱਖ ਵਿਚ ਉਦੈ ਹੋਣ ਵਾਲੇ ਉਨ੍ਹਾਂ ਨੂੰ ਖਾਸ ਤਪ, ਕਸ਼ਟ ਸਹਿਕੇ, ਉਦੈ ਵਿਚ ਆਏ ਵਰਤਮਾਨ ਕਰਮਾਂ ਦੇ ਨਾਲ ਭੋਗਨਾ ਉਦੀਰਨਾ ਹੈ। ਉਦੀਰਨਾ ਵਿਚ ਲੰਮੇ ਸਮੇਂ ਤੋਂ ਬਾਅਦ ਉਦੈ ਵਿਚ ਆਉਣ ਵਾਲੇ ਕਰਮ ਦਲ ਨੂੰ ਤੱਤ ਕਾਲ ਭੋਗ ਲਿਆ ਜਾਂਦਾ ਹੈ।

(7) ਸੰਕ੍ਰਮਨ :—ਜਿਸ ਖਾਸ ਪ੍ਰਯਤਨ ਨਾਲ ਜੀਵ ਸਵਰੂਪ ਨੂੰ ਛਡ ਕੇ ਦੂਸਰੇ ਸਜਾਤੀਆ ਸਵਰੂਪ ਨੂੰ ਪ੍ਰਾਪਤ ਕਰਦਾ ਹੈ ਉਸ ਪ੍ਰਯਤਨ ਵਿਸ਼ੇਸ਼ ਸੰਕ੍ਰਮਨ ਆਖਦੇ ਹਨ। ਸੰਕ੍ਰਮਨ ਚਾਰ ਪ੍ਰਕਾਰ ਦਾ ਹੈ (1) ਪ੍ਰਾਕਿਤੀ (2) ਸਥਿਤੀ (3) ਅਨੁਭਾਗ (4) ਪ੍ਰਦੇਸ਼।

ਕਰਮਾਂ ਦੀ ਮੂਲ ਪ੍ਰਾਕ੍ਰਿਤੀਆਂ ਵਿਚ ਸੰਕ੍ਰਮਨ ਨਹੀਂ ਹੁੰਦਾ। ਨਾਲ ਹੀ ਆਯੂ ਕਰਮ ਦੀਆ ਚਾਰ ਉਤਰ ਪ੍ਰਾਕ੍ਰਿਤੀਆਂ ਦਾ ਸੰਕ੍ਰਮਨ ਨਹੀਂ ਹੋ ਸਕਦਾ। ਉਦ ਵਰਤਨਾ, ਅਪਵਰਤਨ, ਉਦੀਰਨਾ. ਸੰਕ੍ਰਮਨ ਇਹ ਚਾਰੋ ਉਦੈ ਵਿਚ ਨਹੀਂ ਆਏ ਕਰਮ ਦਸਦੇ ਹੁੰਦੇ ਹਨ।

(8) ਉਪਸ਼ਮ :—ਕਰਮਾਂ ਦੀ ਹਮੇਸ਼ਾ ਲਈ ਉਦੈ ਨਾ ਆਉਣ ਦੀ ਅਵਸਥਾ ਉਪਸ਼ਮ ਹੈ। ਇਸ ਵਿਚ ਦੋ ਪ੍ਰਕਾਰ ਦਾ ਉਦੈ ਨਹੀਂ ਰਹਿੰਦੇ। ਉਪਸ਼ਮ ਕੇਵਲ ਮੋਹਨੀਆਂ ਕਰਮ ਦਾ ਹੁੰਦਾ ਹੈ।

(9) ਨਿੱਧਤਿ :—ਅੱਗ ਵਿਚ ਤਪਾ ਕੇ ਕਡੀਆਂ ਸੁਈਆਂ ਦੀ ਤਰ੍ਹਾਂ, ਪਿਛਲੇ ਕਰਮਾਂ ਦਾ ਆਤਮਾ ਪ੍ਰਦੇਸ਼ਾਂ ਨਾਲ ਆਪਣਾ ਵਿਚ ਮਿਲ ਜਾਨਾ ਨਿੱਧਤਿ ਹੈ। ਇਸ ਵਿਚ ਉਦਵਰਤਨ-ਅਪਵਰਤਨਾ ਦੇ ਦੋ ਕਾਰਣ ਹੁੰਦੇ ਹਨ। ਉਦੀਰਨਾ ਅਤੇ ਸਕ੍ਰਮਣ ਨਹੀਂ।

(10) ਨਿਕਾਚਨਾ :—ਅੱਗ ਵਿਚ ਤਪਾ ਕੇ ਕੱਡੀ ਸੂਈਆਂ ਨੂੰ ਹਥੋੜੇ ਨਾਲ ਕੂਟਨ ਤੇ ਜਿਵੇਂ ਇਕ ਮਿਕ ਹੋ ਜਾਂਦੀ ਹੈ। ਇਸ ਤਰ੍ਹਾਂ ਕਰਮ ਪੁਦਗਲਾ ਦਾ ਆਤਮਾ ਦੇ ਨਾਲ ਗਾੜਾ ਸਬੰਧ ਹੋਣਾ ਨਿਕਾਚਿਤ ਬੰਧ ਹੈ। ਉਦਵਰਤਨਾ ਅਪਵਰਤਨਾ, ਉਦੀਰਨਾ ਆਦਿ ਕੋਈ ਵੀ ਇਸ ਦਾ ਕਾਰਣ ਨਹੀਂ ਹੋ ਸਕਦਾ।